ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦ੍ਵਾਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-39

1 ਤੋਂ 7 ਮਾਘ 2072 - 14 to 20 January 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਨਾਮ ਜਪੋ ਆਤਮਾ ਸਾਫ ਕਰੋ



ਤੁਸੀਂ ਮੁੱਢਲੀ ਵਿਦਿਆ ਭੁੱਲ ਗਏ ਹੋ। ਨਾਮ ਜਪੋ ਆਪਣੀ ਆਤਮਾ ਸਾਫ ਕਰੋ; ਜਦੋਂ ਤੁਹਾਡੀ ਆਤਮਾ ਸਾਫ ਹੋ ਜਾਏਗੀ; ਤੁਹਾਡਾ ਆਪੇ ਮਿਲਾਪ ਹੋਵੇਗਾ। ਸੋ ਭਾਈ ਨਾਮਧਾਰੀਓ ਜੇ ਭਜਨ ਕਰੋਗੇ, ਬਾਣੀ ਪੜ੍ਹੋਗੇ, ਸਤਿਗੁਰੂ ਨੂੰ ਯਾਦ ਕਰੋਗੇ ਤਾਂ ਦੁੱਖ ਤੋਂ ਬਚੋਗੇ ਔਰ ਜੇਕਰ ਨਾ ਕਰੋਗੇ ਤਾਂ ਲੜਾਈ ਤਾਂ ਸਾਰੀ ਦੁਨੀਆਂ 'ਚ ਅੱਗੇ ਪਈ ਹੋਈ ਹੈ।

# ਮਸਤਾਨਗੜ੍ਹ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਸਿਮ੍ਰਤੀ ਸਮਾਗਮ




ਮਸਤਾਨਗੜ੍ਹ (ਜ਼ਿਲਾ ਸਿਰਸਾ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਸਿਮ੍ਰਤੀ ਸਮਾਗਮ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪਣੇ ਆਸਣ ਤੇ ਸੁਭਾਇਮਾਨ ਸਾਧ-ਸੰਗਤ ਨੂੰ ਦਰਸ਼ਨ ਦੀਦਾਰੇ ਬਖ਼ਸ਼ਦੇ ਹੋਏ, ਨਾਲ ਹਨ ਮਾਤਾ ਚੰਦ ਕੌਰ ਜੀ ਅਤੇ ਮੁੱਖ ਪਤਵੰਤੇ ਸੱਜਣ ਚੌਧਰੀ ਰਣਜੀਤ ਸਿੰਘ (ਸਾਬਕਾ ਮੈਂਬਰ ਪਾਰਲੀਮੈਂਟ), ਸ੍ਰੀ ਅਮੀਰ ਚੰਦ ਮੇਹਤਾ (ਜ਼ਿਲਾ ਅਧਿਅਕਸ਼ ਬੀ.ਜੇ.ਪੀ ਸਿਰਸਾ) ਅਤੇ ਸ. ਕਸ਼ਮੀਰ ਸਿੰਘ (ਸਾਬਕਾ ਚੇਅਰਮੈਨ ਪੀ.ਏ.ਆਰ.ਡੀ.ਈ ਬੈਂਕ ਸਿਰਸਾ) ਆਪਣੇ ਵਿਚਾਰ ਵਿਅਕਤ ਕਰਦੇ ਹੋਏ

ਸਤਿਗੁਰੂ ਸਾਹਿਬਾਨ ਦੁਆਰਾ ਵਰੋਸਾਈਆਂ ਹੋਈਆਂ ਉਹ ਥਾਵਾਂ ਹਮੇਸ਼ਾਂ ਹਮੇਸ਼ਾਂ ਲਈ ਪਾਕ ਪਵਿੱਤਰ ਅਤੇ ਪੂਜਨਯੋਗ ਹੋ ਜਾਂਦੀਆਂ ਹਨ ਜਿਹਨਾਂ ਥਾਵਾਂ ਨੂੰ ਸਤਿਗੁਰੂ ਸਾਹਿਬਾਨ ਵਲੋਂ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਮੇਹਨਤ ਮੁਸ਼ਕਤ ਕਰਕੇ ਆਪਣੀ ਕਰਮ ਭੂਮੀ ਹੋਣ ਦਾ ਮਾਣ ਬਖਸ਼ਿਆ ਹੁੰਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਦੇਸ਼ ਵੰਡਾਰੇ ਤੋਂ ਪਹਿਲਾਂ ਹੀ ਨਾਮਧਾਰੀ ਸਿੱਖਾਂ ਦੀ ਰਿਆਸਤ ਦੀ ਸਥਾਪਨਾ ਕਰ ਦਿੱਤੀ ਗਈ। ਸਤਿਗੁਰੂ ਜੀ ਨੇ ਪ੍ਰਭੂ ਭਗਤੀ ਵਿਚ ਰੰਗੇ ਹੋਏ ਆਪਣੇ ਉਹਨਾਂ ਪਿਆਰਿਆਂ ਦੇ ਨਾਮ ਤੇ ਨਗਰਾਂ ਦੇ ਨਾਮ ਵੀ ਰੱਖਣ ਦੀ ਕਿਰਪਾ ਕੀਤੀ। ਇਸੇ ਤਰਾਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਜ਼ਰੇ ਮਨਜ਼ੂਰ, ਪ੍ਰਭੂ ਭਗਤੀ ਵਿਚ ਰੰਗੀ ਹੋਈ ਆਤਮਾ ਅਤੇ ਸਤਿਗੁਰੂ ਜੀ ਦੇ ਹੀ ਸਿਰਨਾਵੀਏ ਬਾਬਾ ਪ੍ਰਤਾਪ ਸਿੰਘ ਮਸਤਾਨਾ ਦੀ ਯਾਦ ਨੂੰ ਸਦੀਵੀ ਸੰਭਾਲਦੇ ਹੋਏ ਪੰਜਾਬ ਵਿਚੋਂ ਹੋ ਕੇ ਜਾਂਦੇ ਘੱਗਰ ਦਰਿਆ ਦੇ ਕੰਡੇ (ਜਿਸਨੂੰ ਨਾਲੀ ਆਖਦੇ ਹਨ) ਤੇ ਇਸ ਧਰਤੀ ਦਾ ਨਾਮ ਮਸਤਾਨਾ ਪ੍ਰਤਾਪ ਸਿੰਘ ਦੇ ਨਾਮ ਤੇ ਇਸ ਦਾ ਨਾਮ ਮਸਤਾਨਗੜ੍ਹ ਰੱਖਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਅਪਨਾਉਂਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸੇ ਮਸਤਾਨਗੜ੍ਹ ਦੀ ਧਰਤੀ ਤੋਂ ਜੰਡ, ਕਰੀਕ ਅਤੇ ਝਾੜੀਆਂ ਨੂੰ ਆਪਣੇ ਹੱਥੀਂ ਵੱਡ ਪੁੱਟ ਕੇ ਇਸ ਧਰਤੀ ਤੇ ਆਪ ਟਰੈਕਟਰ ਚਲਾ ਕੇ ਇਸਨੂੰ ਖੇਤੀ ਯੋਗ ਬਣਾਉਂਦੇ ਹੋਏ ਇਸ ਧਰਤੀ ਨੂੰ ਆਬਾਦ ਕੀਤਾ। ਮਸਤਾਨਗੜ੍ਹ ਦੇ ਖੇਤਾਂ ਦੀ ਮਿਟੀ ਜਿਥੇ ਹਰੀਆਂ ਭਰੀਆਂ ਫਸਲਾਂ ਲਹਿਰਾਉਂਦੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਇਹ ਧਰਤੀ ਨਾਮਧਾਰੀਆਂ ਵਾਸਤੇ ਹਮੇਸ਼ਾਂ ਵਾਸਤੇ ਪੂਜਨਯੋਗ ਹੋ ਗਈ। ਇਸ ਕਰਕੇ ਸਤਿਗੁਰੂ ਸਾਹਿਬਾਨ ਦੀਆਂ ਪਵਿੱਤਰ ਯਾਦਾਂ ਨੂੰ ਆਪਣੇ ਹਿਰਦੇ ਵਿਚ ਸੰਭਾਲੀ ਬੈਠੀ ਇਹ ਮਸਤਾਨਗੜ੍ਹ ਦੀ ਧਰਤੀ ਤੇ ਨਾਮਧਾਰੀ ਪੰਥ ਰਹਿਨੁਮਾ ਅਤੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਇਕ ਵਿਸ਼ਾਲ ਸ੍ਰਿਮਤੀ ਸਮਾਗਮ 23 ਦਸੰਬਰ 2015 ਦਿਨ ਬੁੱਧਵਾਰ 8 ਪੋਹ 2072 ਨੂੰ ਕਰਵਾਇਆ ਗਿਆ।

ਸਮਾਗਮ ਦੀ ਆਰੰਭਤਾ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਲ ਰਾਗੀ ਹਰਬੰਸ ਸਿੰਘ ਘੁਲਾ, ਰਾਗੀ ਸ਼ਾਮ ਸਿੰਘ ਅਤੇ ਉਸਤਾਦ ਮਹਿਲ ਸਿੰਘ ਦੇ ਸਾਥੀਆਂ ਨੇ ਕੀਤੀ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਵਿਚ ਦਰਸ਼ਨ ਦਿੱਤੇ। ਪੂਜਨੀਯ ਮਾਤਾ ਚੰਦ ਕੌਰ ਜੀ ਵੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਮੰਚ ਉਪਰ ਸੁਸੋਭਿਤ ਸਨ। ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਤੋਂ 22 ਦਸੰਬਰ ਦਿਨ ਮੰਗਲਵਾਰ ਸ਼ਾਮ ਨੂੰ ਹੀ ਮਸਤਾਨਗੜ੍ਹ ਪਹੁੰਚ ਚੁੱਕੇ ਸਨ। ਇਸ ਕਰਕੇ ਸ੍ਰੀ ਸਤਿਗੁਰੂ ਜੀ ਦੀ ਆਮਦ ਤੇ ਮਸਤਾਨਗੜ੍ਹ ਸ਼ਾਮ ਨੂੰ ਹੀ ਕਾਫੀ ਸੰਗਤ ਦੀ ਰੌਣਕ ਬਣੀ ਹੋਈ ਸੀ। ਸਾਧ ਸੰਗਤ ਵਲੋਂ ਲੰਗਰ ਤਿਆਰ ਕਰਨ ਅਤੇ ਛਕਣ ਛਕਾਣ ਦੇ ਪ੍ਰਬੰਧ ਪੂਜਨੀਕ ਮਾਤਾ ਚੰਦ ਕੌਰ ਜੀ ਦੀ ਦੇਖ ਰੇਖ ਹੇਠ ਮੁਕੰਮਲ ਕੀਤੇ ਜਾ ਰਹੇ ਸਨ।

(ਬਾਕੀ ਸਫਾ 2 'ਤੇ)

## ਸਾਧ-ਸੰਗਤ 'ਸਤਿਜੁਗ' ਵਿੱਚ

### ਛਪਵਾਉਂਣ ਲਈ ਤਸਵੀਰਾਂ ਹਾਈ ਰੇਜ਼ੋਲੂਸ਼ਨ ਦੀਆਂ ਭੇਜੇ


ਸਾਧ-ਸੰਗਤ ਵਲੋਂ ਆਪਣੇ ਇਲਾਕਿਆਂ ਵਿੱਚ ਸ਼ਾਨਦਾਰ ਪ੍ਰੋਗਰਾਮ ਕਰਵਾਏ ਜਾਂਦੇ ਹਨ। ਅਤੇ ਬੜੇ ਉਤਸ਼ਾਹ ਨਾਲ ਸਤਿਜੁਗ ਤਸਵੀਰਾਂ ਭੇਜੀਆਂ ਜਾਂਦੀਆਂ ਹਨ, ਪਰ ਕਈ ਵਾਰ ਤਸਵੀਰਾਂ ਵਧੀਆਂ ਨਾ ਛਪਣ ਦੀ ਪਾਠਕਾਂ ਵਲੋਂ ਸ਼ਿਕਾਇਤ ਆਉਂਦੀ ਹੈ ਅਸਲ ਵਿੱਚ ਭੇਜੀਆ ਗਈਆਂ ਤਸਵੀਰਾਂ (High Resolution) ਦੀਆਂ ਨਹੀਂ ਹੁੰਦੀਆਂ ਜਿਸ ਕਰਕੇ ਉਸ ਤਰ੍ਹਾਂ ਦੀਆਂ ਵਧੀਆਂ ਨਹੀਂ ਛਪਦੀਆਂ। ਕ੍ਰਿਪਾ ਕਰਕੇ ਵਧੀਆ (High Resolution) ਦੀਆਂ ਤਸਵੀਰਾਂ ਭੇਜੀਆਂ ਜਾਣ ਤਾਂਕਿ ਉਹ ਵਧੀਆ ਛਪ ਸਕਣ।

## ਸਾਧ-ਸੰਗਤ 200 ਸਾਲਾ ਬਸੰਤ ਪੁਰਬ ਮਨਾਉਣ ਲਈ ਸ੍ਰੀ ਭੈਣੀ ਸਾਹਿਬ ਪਹੁੰਚੇ- ਸ੍ਰੀ ਸਤਿਗੁਰੂ ਜੀ

**ਸ੍ਰੀ ਭੈਣੀ ਸਾਹਿਬ:** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਸੁਤੰਤਰਤਾ ਸੰਗ੍ਰਾਮ ਦੇ ਮੋਢੀ ਅਤੇ ਗਊ ਰਖਿਅਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਪੁਰਬ (ਬਸੰਤ ਪੰਚਮੀ) ਮੇਲਾ ਮਨਾਉਣ ਲਈ ਸੰਗਤ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਪਹੁੰਚੇ। ਇਹ ਇਤਿਹਾਸਕ ਦਿਨ 12 **ਫਰਵਰੀ** 2016 (30 **ਮਾਘ** 2072) ਸ਼ੁਕਰਵਾਰ ਨੂੰ ਆਪ ਜੀ ਦੀ ਛੱਤਰ ਛਾਇਆ ਹੇਠ ਸ੍ਰੀ ਭੈਣੀ ਸਾਹਿਬ ਵਿਖੇ ਬੜੀ ਸ਼ਰਧਾ ਸਤਿਕਾਰ ਅਤੇ ਸ਼ਾਨ ਨਾਲ ਮਨਾਇਆ ਜਾਵੇਗਾ। ਉਸ ਤੋਂ ਬਾਅਦ ਸਾਧ-ਸੰਗਤ ਆਪੋ ਆਪਣੇ ਇਲਾਕਿਆਂ ਵਿੱਚ ਮਨਾਏ। ਉਸ ਦਿਨ ਦੇ ਪ੍ਰੋਗਰਾਮ ਬੜੇ ਉਚ ਪੱਧਰੀ ਹੋਣਗੇ ਸਾਧ-ਸੰਗਤ ਇਸ ਪ੍ਰੋਗਰਾਮ ਵਿੱਚ ਹੁੰਮ-ਹੁੰਮਾ ਕੇ ਪਹੁੰਚ ਕੇ ਆਪਣੇ ਪ੍ਰੀਤਮ ਪਿਆਰੇ ਮਹਿਬੂਬ ਦੀਆਂ ਖ਼ੁਸ਼ੀਆਂ ਦੀ ਪਾਤਰ ਬਣੇ ਅਤੇ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਹਾ ਪ੍ਰਾਪਤ ਕਰੇ।

# ਮਲੇਰਕੋਟਲੇ ਦਾ ਸ਼ਹੀਦੀ ਸਾਕਾ

**ਜਸਵਿੰਦਰ ਸਿੰਘ ਹਿਸਟੋਰੀਅਨ**



**ਸ਼ਹੀਦ ਬਿਸ਼ਨ ਸਿੰਘ ਦਾ ਮਿਸਟਰ ਕਾਵਨ ਦੀ ਦਾੜ੍ਹੀ ਨੂੰ ਫੜਨ ਦਾ ਚਿੱਤਰ**

ਮਲੇਰਕੋਟਲੇ ਵਿਖੇ ਕੂਕਾ ਅਥਵਾ ਨਾਮਧਾਰੀ ਸਿੰਘਾਂ ਦਾ ਸ਼ਹੀਦੀ ਸਾਕਾ ਅੰਗਰੇਜ਼ ਬਸਤੀਵਾਦੀ ਰਵੱਈਏ ਦੀ ਬਹੁਤ ਹੀ ਘਿਨਾਉਣੀ ਤਸਵੀਰ ਪੇਸ਼ ਕਰਦਾ ਹੈ। ਬਸਤੀਵਾਦੀ ਮਨੋਰਥ ਦੇ ਵਿਸਤਾਰ ਲਈ ਅੰਗਰੇਜ਼ਾਂ ਨੇ ਹਿੰਦੁਸਤਾਨ ਵਿਚ ਕਲਕੱਤੇ ਤੋਂ ਲੈ ਕੇ ਪੰਜਾਬ ਤੱਕ, ਜੋ ਹੇਰਾ ਫੇਰੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਸੀ, ਧੋਖੇ ਦੇਣ ਅਤੇ ਝੂਠ ਬੋਲਣ ਦਾ ਰਵੱਈਆ ਅਖ਼ਤਿਆਰ ਕੀਤਾ ਸੀ ਉਸ ਦੀ ਮਿਸਾਲ ਕਿਤੇ ਹੋਰ ਮਿਲਣੀ ਮੁਸ਼ਕਿਲ ਹੈ। ਰਾਜਨੀਤਕ ਮਰਯਾਦਾਵਾਂ ਨੂੰ ਛਿੱਕੇ ਟੰਗਦਿਆਂ ਹੋਇਆਂ ਉਹਨਾਂ ਨੇ ਆਪਣੇ ਮਨੋਰਥ ਲਈ ਅਵਧ ਦੀਆਂ ਬੇਗਮਾਂ ਪ੍ਰਤੀ ਵੀ ਅਤਿਆਚਾਰੀ ਅਤੇ ਸ਼ਰਮਨਾਕ ਰਵੱਈਆ ਅਪਨਾਇਆ ਸੀ। ਜਾਸੂਸੀ ਕਾਰਵਾਈਆਂ, ਆਪਣਿਆਂ ਨੂੰ ਆਪਣਿਆਂ ਨਾਲ ਲੜਵਾ ਕੇ ਹਰ ਇਲਾਕੇ ਵਿਚ ਆਪਣੇ ਮਨ-ਮੁਤਾਬਿਕ ਹਾਲਾਤ ਪੈਦਾ ਕੀਤੇ ਅਤੇ ਕਬਜ਼ੇ ਕੀਤੇ। ਆਪਣੇ ਕੌਲ, ਕਰਾਰਾਂ ਅਤੇ ਸੰਧੀਆਂ ਨੂੰ ਪਾਸੇ ਰੱਖਦਿਆਂ ਹੋਇਆਂ ਅੰਗਰੇਜ਼ਾਂ ਨੇ ਸਾਰੇ ਹਿੰਦੁਸਤਾਨ ਉੱਤੇ ਕਬਜ਼ਾ ਕਰ ਲਿਆ ਅਤੇ ਫੇਰ ਆਪਣੇ ਸਾਮਰਾਜ-ਵਾਦ ਨੂੰ ਨਿਸ਼ਕੰਟਕ ਅਤੇ ਪੱਕਿਆਂ ਕਰਨ ਲਈ ਵੀ ਏਸੇ ਤਰ੍ਹਾਂ ਦੇ ਹੱਥਕੰਢੇ ਅਪਣਾਏ। ਆਪਣੇ ਭਾਰਤੀ ਸਾਮਰਾਜ ਵਿਚ ਦੇ ਹਰ ਉਸ ਵਿਅਕਤੀ ਅਥਵਾ ਉਘੇ ਰਾਜਸੀ ਪਰਵਾਰਾਂ ਨੂੰ ਝੂਠੀਆਂ ਤੁਹਮਤਾਂ ਲਗਾ ਕੇ ਉਹਨਾਂ ਦੇ ਮੂਲ ਇਲਾਕਿਆਂ ਚੋਂ ਬਾਹਰ ਭੇਜ ਦਿੱਤਾ। ਉਹ ਲੋਗ ਭਾਵੇਂ ਦਿੱਲੀ ਦਰਬਾਰ ਦੇ ਸਨ ਜਾਂ ਲਾਹੌਰ ਦਰਬਾਰ ਦੇ, ਜਿਨ੍ਹਾਂ ਤੋਂ ਵੀ ਸਮਾਜ ਨੂੰ ਖ਼ਤਰਾ ਸੀ, ਬਾਹਰ ਕੱਢ ਦਿੱਤਾ। ਆਖ਼ਰੀ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ 'ਜ਼ਫਰ' ਨੂੰ ਜਦੋਂ ਹਿਮਾਯੂੰ ਦੇ ਮਕਬਰੇ ਚੋਂ ਗ੍ਰਿਫਤਾਰ ਕਰਨ ਲੱਗਿਆਂ ਜੋ ਕੌਲ ਕੀਤੇ ਸਨ, ਹਿਮਾਯੂੰ ਦੇ ਮਕਬਰੇ ਤੋਂ ਦਿੱਲੀ ਗੇਟ ਤੀਕ ਪਹੁੰਚਦਿਆਂ ਹੀ ਸਭ ਵਿਸਾਰ ਦਿੱਤੇ। ਮਹਾਰਾਣੀ ਜਿੰਦਾ ਨੂੰ ਵੀ ਝੂਠੀਆਂ ਤੁਹਮਤਾਂ ਲਗਾ ਕੇ ਪੰਜਾਬ ਤੋਂ ਬਾਹਰ ਭੇਜ ਦਿੱਤਾ ਸੀ। ਇਸੇ ਤਰ੍ਹਾਂ ਦਾ ਰਵੱਈਆ ਅੰਗਰੇਜ਼ਾਂ ਨੇ 'ਕੂਕਾ ਅੰਦੋਲਨ' ਦੇ ਨਾਇਕ ਸਤਿਗੁਰੂ ਰਾਮ ਸਿੰਘ ਜੀ ਨਾਲ ਕੀਤਾ ਸੀ।

ਮਲੇਰਕੋਟਲੇ ਦੇ ਪ੍ਰੇਡ ਗ੍ਰਾਊਂਡ ਵਿਚ ਪ੍ਰਤੱਖ ਤੌਰ ਤੇ ਤਾਂ ਕੂਕਿਆਂ ਨੂੰ ਤੋਪਾਂ ਸਾਹਮਣੇ ਖੜੇ ਕਰਕੇ ਸ਼ਹੀਦ ਕਰ ਦਿੱਤਾ ਸੀ, ਪਰ ਦਸਤਾਵੇਜ਼ਾਂ ਨੂੰ ਘੋਖਣ ਤੋਂ ਇਸ ਦੇ ਪਿੱਛੇ ਜੋ ਅੰਗਰੇਜ਼ਾਂ ਦਾ ਮਨੋਰਥ ਛੁਪਿਆ ਹੋਇਆ ਸੀ, ਉਹ ਹੋਰ ਸੀ। ਉਹ ਸੀ ਸਤਿਗੁਰੂ ਰਾਮ ਸਿੰਘ ਜੀ ਨੂੰ ਨਿਰਵਾਸਤ ਕਰਨ ਵਾਲਾ ਗੰਭੀਰ ਵਾਤਾਵਰਨ ਸਿਰਜਣਾ। ਅੰਮ੍ਰਿਤਸਰ ਅਤੇ ਰਾਏਕੋਟ ਦੀਆਂ ਘਟਨਾਵਾਂ ਦਾ ਆਸਰਾ ਲੈ ਕੇ ਅੰਗਰੇਜ਼ ਸਤਿਗੁਰੂ ਜੀ ਵਿਰੁੱਧ ਕਾਰਵਾਈ ਕਰਨਾ ਚਾਹੁੰਦੇ ਸਨ, ਪਰ ਉਹਨਾਂ ਨੂੰ ਪੱਕੇ ਸਬੂਤ ਨਹੀਂ ਸਨ ਮਿਲ ਰਹੇ। ਉਹਨਾਂ ਨੇ ਆਪਣੇ ਜਾਸੂਸ ਨਾਮਧਾਰੀ ਪਹਿਰਾਵੇ ਵਿਚ ਤਾਂ ਭੈਣੀ ਸਾਹਿਬ ਰੱਖੇ ਹੀ ਹੋਏ ਸਨ, ਏਸੇ ਪਿੰਡ ਦੇ ਨੰਬਰਦਾਰ ਵੀ ਵਿਖਾਵੇ ਵਜੋਂ ਸਤਿਗੁਰੂ ਰਾਮ ਸਿੰਘ ਜੀ ਪਾਸ ਜਾਂਦੇ ਹੁੰਦੇ ਸਨ, ਪਰ ਸਾਰੀਆਂ ਖ਼ਬਰਾਂ ਲੁਧਿਆਣੇ ਰਾਹੀਂ ਸਰਕਾਰ ਤੱਕ ਪਹੁੰਚਾ ਦਿੰਦੇ ਸਨ। ਸੁਖੂ ਨੰਬਰਦਾਰ ਨੇ ਮੈਕਨਬ ਨੂੰ ਆਪਣੀ ਗਵਾਹੀ ਵਿਚ ਇਹ ਗਲ ਮੰਨੀ ਸੀ ਕਿ ਉਹ ਸਰਕਾਰ ਲਈ ਜਾਸੂਸੀ ਕਰਨ ਲਈ ਹੀ ਸਤਿਗੁਰੂ ਜੀ ਦਾ ਮਿੱਤਰ ਅਤੇ ਸੇਵਕ ਬਣਿਆ ਰਿਹਾ ਸੀ। ਨਾਲ ਲਗਦੇ ਪਿੰਡਾਂ ਦੇ ਨੰਬਰਦਾਰ ਵੀ ਕੂਕਾ ਅੰਦੋਲਨ ਅਤੇ ਆਉਂਦੇ ਸਮੇਂ ਮਾਰਚ/ਅਪ੍ਰੈਲ 1872 ਈ. ਨੂੰ ਸਤਿਗੁਰੂ ਜੀ ਵੱਲੋਂ ਵੱਡੀ ਬਗਾਵਤ ਦੀਆਂ ਤਿਆਰੀਆਂ ਬਾਰੇ ਖ਼ਬਰਾਂ ਦਿੰਦੇ ਰਹਿੰਦੇ ਸਨ। ਏਸੇ ਕਰਕੇ ਹੀ ਦਸੰਬਰ 1871 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਪਿੰਡ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਐਸੇ ਸਮੇਂ ਮਾਘੀ ਦਾ ਮੇਲਾ (ਦਸਤਾਵੇਜਾਂ ਅਨੁਸਾਰ ਭੈਣੀ ਸਾਹਿਬ ਵਿਚ ਪਹਿਲੀ ਵਾਰ ਮਾਘੀ ਦਾ ਮੇਲਾ) ਪਿੰਡ ਵਿਚ ਕੀਤਾ ਗਿਆ ਸੀ।

ਗਲ ਅਸੀਂ ਮਲੇਰਕੋਟਲੇ ਬਾਰੇ ਸ਼ੁਰੂ ਕੀਤੀ ਸੀ। ਉਸ ਸਾਰੀ ਕਾਰਵਾਈ ਦੇ ਬੀਜ਼ ਬਿੰਦੂ ਤਾਂ ਪਹਿਲਾਂ ਹੀ ਸਿਰਜੇ ਜਾ ਚੁੱਕੇ ਸਨ ਗੋਰਿਆਂ ਵੱਲੋਂ। ਜ਼ਰਾ ਵੇਖੀਏ ਰੜ ਪਿੰਡ ਵਿਚ 68 ਨਾਮਧਾਰੀਆਂ (ਦੋ ਔਰਤਾਂ ਸਹਿਤ) ਨੇ ਆਪਣੇ ਆਪ ਨੂੰ ਬਿਨਾਂ ਕਿਸੇ ਉਜ਼ਰ ਦੇ ਸ਼ੇਰਪੁਰ ਦੇ ਥਾਣੇਦਾਰ ਦੇ ਹਵਾਲੇ ਕਰ ਦਿੱਤਾ ਸੀ ਅਤੇ ਸਾਰੇ ਹਥਿਆਰ, ਡਾਗਾਂ, ਟਕੂਏ, ਤਲਵਾਰਾਂ ਵੀ ਥਾਣੇ ਵਾਲਿਆਂ ਨੂੰ ਦੇ ਦਿੱਤੇ ਸਨ। ਇਸ ਤੱਥ ਦੀ ਪੁਸ਼ਟੀ ਕਾਵਨ, ਫੋਰਸਿੱਥ ਪੱਤਰ ਅਤੇ ਹੋਰ ਸਰਕਾਰੀ ਦਸਤਾਵੇਜ਼ ਵੀ ਕਰਦੇ ਹਨ। ਇਹਨਾਂ 68 ਨਾਮਧਾਰੀਆਂ ਚੋਂ 23 ਸਿੰਘ ਜ਼ਖਮੀ ਸਨ ਅਤੇ 7 ਤਾਂ ਮਾਰੂ ਫੱਟੜਾਂ ਵਾਲੇ ਸਨ, ਜੋ ਹੁਣ ਤੁਰ ਫਿਰ ਵੀ ਨਹੀਂ ਸਨ ਸਕਦੇ। ਸਰਕਾਰ ਇਹ ਵੀ ਮੰਨਦੀ ਸੀ ਹੁਣ ਉਹ ਕੁਝ ਕਰ ਵੀ ਨਹੀਂ ਸਨ ਸਕਦੇ, ਭੁੱਖੇ ਥੱਕੇ ਹੋਏ ਸਨ। ਹੁਣ ਉਹ ਹੋਰ ਅੱਗੇ ਕੋਈ ਨੁਕਸਾਨ ਨਹੀਂ ਸਨ ਕਰ ਸਕਦੇ। ਫੇਰ ਕੀ ਜਲਦੀ ਪਈ ਸੀ, ਝੱਟ ਹੀ ਅਗਲੇ ਦਿਨ 17 ਜਨਵਰੀ ਵਾਲੇ ਦਿਨ ਉਨ੍ਹਾਂ ਸਿੰਘਾਂ ਨੂੰ ਬਿਨਾ ਕੋਈ ਪੜਤਾਲ ਕੀਤਿਆਂ ਤੋਪਾਂ ਨਾਲ ਉਡਾ ਦਿਤਾ, ਕਿਉਂ? ਜਦੋਂ ਗਰਿਫ਼ਤਾਰ ਸਿੰਘ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਸਨ ਪਹੁੰਚਾ ਸਕਦੇ ਤਾਂ ਫੇਰ ਆਰਾਮ ਨਾਲ ਪੜਤਾਲ ਕਿਉਂ ਨਾ ਕੀਤੀ ਗਈ ?

ਫੜੇ ਗਏ 68 ਨਾਮਧਾਰੀਆਂ ਨੂੰ 17 ਜਨਵਰੀ 1872 ਨੂੰ 8 ਗੱਡਿਆਂ ਤੇ ਅਤੇ ਗੰਭੀਰ ਜ਼ਖਮੀਆਂ ਨੂੰ 8 ਹੀ ਮੰਜੀਆਂ ਤੇ ਪਾ ਕੇ, ਬਾਕੀਆਂ ਨੂੰ ਜੋ ਤੁਰ ਸਕਦੇ ਸਨ, ਗੱਡਿਆਂ ਦੇ ਪਿੱਛੇ ਪਿੱਛੇ ਮਲੇਰਕੋਟਲੇ ਨੂੰ ਤੋਰ ਦਿੱਤਾ ਗਿਆ। 16 ਜਨਵਰੀ ਨੂੰ ਮੀਂਹ ਪੈ ਚੁੱਕਾ ਸੀ ਅਤੇ ਬੜੀ ਮੁਸ਼ਕਲ ਨਾਲ 17 ਜਨਵਰੀ ਨੂੰ ਸ਼ਾਮ ਦੇ 4 ਵਜੇ (ਸਰਕਾਰੀ ਦਸਤਾਵੇਜਾਂ ਅਨੁਸਾਰ) ਮਲੇਰਕੋਟਲੇ ਪੁੱਜੇ ਸਨ। ਉਹਨਾਂ ਨੂੰ ਕਿਸੇ ਥਾਣੇ, ਜਾਂ ਕਿਲ੍ਹੇ ਵਿਚ ਰੱਖਿਆ ਜਾ ਸਕਦਾ ਸੀ। ਭਰ ਸਰਦੀਆਂ ਵਿਚ ਸ਼ਾਮ ਦੇ 4 ਵਜੇ ਚਾਨਣ ਕਾਫੀ ਘਟ ਜਾਂਦਾ ਹੈ, ਫੇਰ ਕੀ ਜਲਦੀ ਪਈ ਹੋਈ ਸੀ, ਕਾਰਵਾਈ ਅਗਲੇ ਦਿਨ ਵੀ ਕੀਤੀ ਜਾ ਸਕਦੀ ਸੀ। ਇਹਨਾਂ ਸਾਰੀਆਂ ਗਲਾਂ ਦਾ ਜਵਾਬ ਵੀ ਦਸਤਾਵੇਜਾਂ ਵਿਚ ਮੌਜੂਦ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਮੇਲੇ ਤੇ ਤੈਨਾਤ ਪੁਲਿਸ ਇੰਸਪੈਕਟਰ ਨੂੰ ਦਸ ਦਿੱਤਾ ਸੀ ਕਿ ਕੁਝ ਸਰੀਰ ਉਹਨਾਂ ਦੇ ਹੁਕਮਾਂ ਤੋਂ ਬਾਹਰ ਹਨ

**(ਬਾਕੀ ਸਫਾ 7 'ਤੇ)**

# ਮਸਤਾਨਗੜ੍ਹ ਵਿਖੇ ਸਿਮ੍ਰਤੀ ਸਮਾਗਮ..(ਬਾਕੀ ਸਫਾ 1 ਦੀ)

23 ਦਸੰਬਰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਦੇ ਨਾਲ ਹੀ ਸਾਰਾ ਦਿਨ ਹੋਣ ਵਾਲੇ ਪ੍ਰੋਗਰਾਮ ਦਾ ਵੇਰਵਾ ਸੂਬਾ ਬਲਵਿੰਦਰ ਸਿੰਘ ਝੱਲ ਨੇ ਮੰਚ ਤੋਂ ਅਨਾਉਂਸ ਕੀਤਾ। ਦਿਵਾਨਾਂ ਦੀ ਆਰੰਭਤਾ 9.30 ਵਜੇ ਹੋਈ ਜਿਸ ਵਿਚ ਕ੍ਰਮਵਾਰ ਡਾ. ਹਰਭਜਨ ਸਿੰਘ, ਜ. ਜੋਗਾ ਸਿੰਘ ਭੰਗੂਰ, ਜ. ਜਸਵਿੰਦਰ ਸਿੰਘ ਭਿੰਡਰ, ਜਥੇਦਾਰ ਸੰਤੋਖ ਸਿੰਘ ਅਮਰਾਸਰ, ਜਥੇਦਾਰ ਇਕਬਾਲ ਸਿੰਘ ਅਮਰਾਸਰ, ਕਵੀਸ਼ਰ ਰਵੇਲ ਸਿੰਘ ਅਤੇ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਨਣ ਕੀਤਾ। ਪੰਡਾਲ ਵਿਚ ਅਤੇ ਲੰਗਰ ਵਿਚ ਵੀ ਸਾਧ ਸੰਗਤ ਦੀ ਭਰਪੂਰ ਹਾਜ਼ਰੀ ਸੀ। ਦੁਪਹਿਰ 1.30 ਤੋਂ 2.30 ਤਕ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਸਮੇਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਪਵਿੱਤਰ ਉਪਦੇਸ਼ ਸਰਵਣ ਕੀਤਾ। ਦੁਪਹਿਰ ਦੇ ਕੀਰਤਨ ਸਮੇਂ ਕੁਝ ਰਾਜਨੀਤਕ ਆਗੂ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਜਿਹਨਾਂ ਵਿਚ ਸ੍ਰੀ ਸੁਭਾਸ ਜੈਨ, ਅਮੀਰ ਚੰਦ ਮਹਿਤਾ ਪ੍ਰਧਾਨ ਭਾਰਤੀ ਜਨਤਾ ਪਾਰਟੀ ਜ਼ਿਲਾ ਸਿਰਸਾ, ਚੌਧਰੀ ਰਣਜੀਤ ਸਿੰਘ ਸਾਬਕਾ ਮੰਤਰੀ ਅਤੇ ਐਮ. ਪੀ. ਹਰਿਆਣਾ, ਸ. ਮਲਕੀਤ ਸਿੰਘ ਖੋਸਾ ਪ੍ਰਧਾਨ ਜ਼ਿਲਾ ਕਾਂਗਰਸ ਕਮੇਟੀ ਅਤੇ ਹੋਰ ਰਾਸਟਰੀ ਸਵੈ ਸੇਵੀ ਸੰਘ ਦੇ ਆਹੁਦੇਦਾਰ ਵੀ ਹਾਜ਼ਰ ਸਨ। ਆਏ ਹੋਏ ਸਾਰੇ ਸਜਣਾਂ ਨੇ ਮੰਚ ਤੋਂ ਸੰਬੋਧਿਤ ਵੀ ਕੀਤਾ ਜਿਹਨਾਂ ਨੂੰ ਕ੍ਰਮਵਾਰ ਐਡਵੋਕੇਟ ਗੁਰਮੀਤ ਸਿੰਘ ਵੜੈਚ ਨੇ ਪੇਸ਼ ਕੀਤਾ ਅੰਤ ਵਿਚ ਜ. ਸਵਰਨ ਸਿੰਘ ਵਿਰਕ ਨੇ ਆਪਣੇ ਵਿਚਾਰ ਰਖੇ। ਰਾਤ ਦੇ ਪ੍ਰੋਗਰਾਮ ਵਿਚ 6 ਤੋਂ 7 ਵਜੇ ਤਕ ਜ. ਜਸਪਾਲ ਸਿੰਘ ਸੰਤ ਨਗਰ ਨੇ ਕਥਾ ਵਖਿਆਨ ਪੇਸ਼ ਕੀਤਾ ਅਤੇ ਉਪਰੰਤ ਨਾਮਧਾਰੀ ਸਹਿਤ ਸਭਾ ਵਲੋਂ ਮਾਸਟਰ ਅਮਰੀਕ ਸਿੰਘ ਦੀ ਅਗਵਾਈ ਵਿਚ ਮੰਚ ਸੰਚਾਲਨ ਸ. ਬਲਦੇਵ ਸਿੰਘ ਵੜੈਚ ਦੁਆਰਾ ਕਰਦੇ ਹੋਏ ਸ਼ਾਨਦਾਰ ਕਵੀ ਦਰਬਾਰ ਕੀਤਾ ਗਿਆ। ਕਵੀ ਸੱਜਣਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਣ ਗਾਇਨ ਕੀਤਾ।

24 ਦਸੰਬਰ ਦਿਨ ਵੀਰਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਕੀਤਾ ਗਿਆ। ਉਪਰੰਤ ਪਵਿੱਤਰ ਗੁਰਬਾਣੀ ਦੇ 58 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 5 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 2 ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ, 51 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਪਾਏ ਗਏ। ਸਮਾਪਤੀ ਸਮੇਂ ਹਰਿਆਣਾ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਅਸੋਕ ਤਵਰ ਅਤੇ ਸਾਥੀ ਨਵੀਨ ਕੇਡੀਆ, ਸ਼ਸ਼ੀਪਾਲ ਕੇਹਰਵਾਲਾ, ਸ਼੍ਰੀ ਰਮੇਸ਼ ਭਾਨੂ ਅਤੇ ਸ. ਸਰਦੂਲ ਸਿੰਘ ਰੰਧਾਵਾ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸਨ ਲਈ ਪਧਾਰੇ। ਸ਼੍ਰੀ ਤਵਰ ਜੀ, ਗਰਚਰਨ ਸਿੰਘ ਸੰਤ ਨਗਰ, ਸੁਖਚੈਨ ਸਿੰਘ ਭੰਗੂਰ, ਗੁਰਮੀਤ ਸਿੰਘ ਚਾਨਾ ਐਲਨਾਬਾਦ ਨੇ ਮੰਚ ਤੋਂ ਸੰਬੋਧਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ। ਮਸਤਾਨਗੜ੍ਹ ਦੇ ਪ੍ਰਬੰਧਕ ਗੁਰਚਰਨ ਸਿੰਘ ਪੱਪੂ, ਸ. ਹਰਮੀਤ ਸਿੰਘ ਚੇਅਰਮੈਨ ਅਤੇ ਸਮੁਚੇ ਪ੍ਰਬੰਧਕ ਵਰਗ ਵਲੋਂ ਕੀਤੇ ਪ੍ਰਬੰਧਾਂ ਅਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਅਤੇ ਬਖਸ਼ਿਸ਼ ਨਾਲ ਮੇਲੇ ਦੀ ਨਿਰਵਿਘਨਤਾ ਸਹਿਤ ਸਮਾਪਤੀ ਹੋਈ। **-ਸੂਬਾ ਬਲਵਿੰਦਰ ਸਿੰਘ ਝੱਲ**






**ਮਸਤਾਨਗੜ੍ਹ ਹੋਏ ਸ੍ਰਿਮਤੀ ਸਮਾਗਮ ਸਮੇਂ ਹਾਜ਼ਰ ਸਿੰਘ ਅਤੇ ਬੀਬੀਆਂ।**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਸ਼ਹੀਦਾਂ ਨੂੰ ਮਰਨ ਦਾ ਚਾਅ ਸੀ

*ਜਿਸ ਵੇਲੇ ਕੋਈ ਤੋਪ ਨਾਲ ਉਡਦਾ ਸੀ ਉਸ ਨੂੰ ਦਿੱਸਦਾ ਸੀ ਕਿ ਅੱਗੇ ਸਤਿਗੁਰੂ ਰਾਮ ਸਿੰਘ ਦਾ ਦਰਬਾਰ ਏ, ਓਥੇ ਪਹੁੰਚਣਾ ਹੈ। ਉਹਨਾਂ ਕੋਲ ਸਭ ਤੋਂ ਵੱਡਾ ਧਨ ਸੀ ਨਾਮ ਦਾ, ਇਸ ਕਰਕੇ ਅਸੀਂ ਸਭ ਤੋਂ ਉਚੇ ਅਹੁਦੇ ਤੇ ਬੈਠ ਜਾਣੈ ਐਸ ਸੰਸਾਰ ਤੋਂ ਜਾਣ ਤੋਂ ਬਾਅਦ। ਉਹਨਾਂ ਨੂੰ ਇਸ ਸੰਸਾਰ ਤੋਂ ਜਾਣ ਦਾ ਚਾਅ ਚੜ੍ਹਿਆ ਹੋਇਆ ਸੀ।*

❖❖❖

## ਅੰਗਰੇਜ਼ੀ ਕਾਨੂੰਨ ਝੂਠਾ ਸੀ

*ਇਹ ਆਪਣੇ ਸਿਰਾਂ ਤੇ ਖੱਫਣ ਬੰਨ੍ਹ ਕੇ ਆਏ ਸਨ ਕਿ ਅਸਾਂ ਮਰਨੈ। ਤਿੰਨ ਵੇਰਾਂ ਤੋਪ ਨਹੀਂ ਚੱਲੀ, ਫਿਰ ਜਿਸ ਵੇਲੇ ਹੀਰਾ ਸਿੰਘ ਨੇ ਆਖਿਆ, "ਜਾਹ ਮੇਰੇ ਸਤਿਗੁਰੂ ਰਾਮ ਸਿੰਘ ਦਾ ਹੁਕਮ ਆ ਗਿਐ, ਹੁਣ ਤੋਪ ਚੱਲੇਗੀ, ਅਸਾਂ ਤੇਰਾ ਕਾਨੂੰਨ ਝੂਠਾ ਕਰਨਾ ਸੀ।"*

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰੂ ਸਦਾ ਸਾਡੇ ਅੰਗ ਸੰਗ ਹੈ



ਪਰਮ ਸਤਿਕਾਰਯੋਗ ਸਾਧ ਸੰਗਤ ਜੀ ਇਕ ਵਾਰੀ ਰਸਨਾ ਪਵਿਤ੍ਰ ਕਰੀਏ, ਉਸ ਮਹਾਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਯਾਦ ਕਰੀਏ, ਜਿਹਨਾਂ ਨੇ ਆਪਾਂ ਨੂੰ ਇਹ ਵੱਡਮੁੱਲੀ ਦਾਤ ਸਿਖੀ ਨਾਲ ਜੋੜ ਕੇ ਰੱਖਿਆ ਹੈ ਤੇ ਉਹਨਾਂ ਦੀ ਕਿਰਪਾ ਨਾਲ ਅਜ ਵੀ ਉਹਨਾਂ ਦੇ ਪੰਥ ਵਿਚ ਇਹ ਸਿਖੀ ਏ। ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੁ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ। ਸਾਧ ਸੰਗਤ ਜੀ, ਕੀ ਹੋਇਆ ਕਿਸ ਤਰ੍ਹਾਂ ਹੋਇਆ (ਜਲੰਧਰ ਹੋਏ ਕਾਰ ਬੰਬ ਧਮਾਕੇ ਬਾਰੇ) ਮੈਂ ਬਹੁਤ ਜ਼ਿਆਦਾ ਦੌਹਰਾਣਾ ਨਹੀਂ ਚਾਹੁੰਦਾ। ਹਰਪਾਲ ਸਿੰਘ ਨੇ ਤੁਹਾਨੂੰ ਉਹ ਗੱਲਾਂ ਦੱਸ ਦਿੱਤੀਆਂ ਨੇ, ਇਹ ਬਹੁਤ ਕੁੱਝ ਬੜੇ ਚਿਰ ਤੋਂ ਹੋ ਰਿਹਾ ਹੈ। ਘੱਟ ਤੋਂ ਘੱਟ ਮੈ ਪਿਛੇ ਜਾਵਾਂ 1990/92/93 ਦੇ ਕਰੀਬ ਤੋਂ ਇਹ ਸਭ ਕੁੱਝ ਸ਼ੁਰੂ ਹੋਇਆ ਸੀ, ਜਿਹੜਾ ਲਗਾਤਾਰ ਚਲਦਾ ਆ ਰਿਹਾ ਹੈ। ਇਕ ਚੀਜ਼ ਮੈਂ ਜ਼ਰੂਰ ਸੰਗਤ ਵਿੱਚ ਇਥੇ ਆਖਣੀ ਚਾਹਵਾਂਗਾ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਤਾਂ ਜਾਣੀ ਜਾਣ ਸੀ। ਉਹਨਾਂ ਨੂੰ ਪਤਾ ਹੁੰਦਾ ਸੀ ਕਿ ਕੌਣ ਕਿਥੇ ਖਲੋਤਾ ਹੈ। ਜਦੋਂ ਸੱਚੇ ਪਾਤਸ਼ਾਹ ਇਹ ਬਚਨ ਕਰਦੇ ਸੀ ਕਿ, "ਕਾਕਾ ਵੱਡਾ ਆ ਕੁੱਝ ਕਰਨ ਡਿਆ ਹੈ, ਮੈਨੂੰ ਮਰਵਾਉਣ ਦੀ ਵੀ ਕੋਸ਼ਿਸ਼ ਕਰ ਰਿਹਾ ਹੈ।" ਉਦੋਂ ਇਹ ਗਲ ਸਾਡੇ ਅੰਦਰ ਨਹੀਂ ਵਸੀ। ਉਦੋਂ ਸਾਡੀ ਉਹ ਅਵਸਥਾ ਨਹੀਂ ਸੀ, ਹਰਪਾਲ ਸਿੰਘ ਵੀ ਬੈਠਾ ਹੈ ਮੈਂ ਵੀ ਬੈਠਾ ਹਾਂ, ਉਦੋਂ ਇਹ ਗੱਲ ਸਾਡੇ ਅੰਦਰ ਨਹੀਂ ਸੀ ਵੱਸਦੀ। ਸੱਚੇ ਪਾਤਸ਼ਾਹ ਜੀ ਨੇ ਉਦੋਂ ਵੀ ਇਹ ਹੁਕਮ ਕੀਤਾ ਸੀ ਕਿ ਕਿਸੇ ਕੋਲੋਂ (ਉਸਨੇ) ਉਦੋਂ ਵੀ ਪੁਛਿਆਂ ਕਿ ਕਿਤੋਂ ਬੰਬ ਮਿਲ ਸਕਦਾ ਹੈ? ਸੱਚੇ ਪਾਤਸ਼ਾਹ ਹੁਕਮ ਕੀਤਾ ਕਿ ਇਹ ਬੰਬ ਕਿਸ ਲਈ ਚਾਹੀਦਾ ਸੀ। ਇਹ ਗੱਲ ਸ਼ਾਇਦ ਅੱਜ ਤੋਂ 20 ਸਾਲ ਹੋ ਗਏ ਹੋਣੇ ਹਨ, ਜਦੋਂ ਦੀ ਅਸੀਂ ਗੱਲ ਕਰ ਰਹੇ ਹਾਂ। ਉਸ ਬੰਦੇ ਦਾ ਮੈਂ ਨਾਮ ਨਹੀਂ ਲੈਂਦਾ, ਉਹ ਵੀ ਬੰਦਾ ਫੌਜ ਵਿੱਚ ਸੀ। ਉਸ ਬੰਦੇ ਨੇ ਆ ਕੇ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕੀਤੀ। ਫਿਰ ਜਿਹੜੀ ਇਹਨਾਂ ਨੇ ਅਮਰੀਕਾ ਵਾਲੀ ਗੱਲ ਦੱਸੀ ਹੈ ਬਹੁਤ ਸਾਰਿਆਂ ਨੂੰ ਇਹ ਗੱਲ ਜੱਚਦੀ ਨਹੀਂ ਸੀ ਕਿ ਇਹ ਪੌਸੀਬਲ (ਸੰਭਵ) ਕਿਸ ਤਰ੍ਹਾਂ ਹੋ ਸਕਦਾ ਹੈ। ਪਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਕੀਤਾ ਹੋਇਆ ਹੁਕਮ ਉਦੋਂ ਵੀ ਸੱਚਾ ਸੀ, ਅੱਜ ਵੀ ਸੱਚਾ ਹੈ, ਤੇ ਕੱਲ ਨੂੰ ਵੀ ਸੱਚਾ ਹੋਵੇਗਾ। ਉਹਨਾਂ ਦੇ ਹੁਕਮ ਉਹ ਹੁੰਦੇ ਨੇ ਜਿਹੜੇ ਸਦਾ ਹੀ ਸੱਚੇ ਰਹਿੰਦੇ ਨੇ। ਬਹੁਤ ਗੱਲ ਡਿਟੇਲ ਵਿੱਚ ਨਾ ਜਾਂਦਿਆਂ ਹੋਇਆ ਹਰਪਾਲ ਸਿੰਘ ਨੇ ਤੁਹਾਨੂੰ ਦੱਸ ਦਿੱਤਾ ਹੈ, ਕਿ ਕੀ ਕਰਨਾ ਹੈ।

ਤੁਹਾਡੇ ਸਾਰਿਆਂ ਅੱਗੇ ਅਰਜ਼ ਬੇਨਤੀ ਹੈ ਕਿ ਆਪਾਂ ਸਾਰਿਆਂ ਨੇ ਭਟਕਣਾ ਨਹੀਂ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੇ ਹੁਕਮਨਾਮੇ ਵਿੱਚ ਆਉਂਦਾ ਹੈ ਕਿ "ਖ਼ਿਮਾਂ ਧੀਰਜ ਵਾਲਿਆਂ ਦੇ ਸਤਿਗੁਰੂ ਅੰਗ ਸੰਗ ਹੈ"। ਉਹ ਦੋਹਰਾਉਂਦਿਆਂ ਹੋਇਆਂ ਸ਼ਾਇਦ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਭਾਸ਼ਣ ਵਿੱਚ ਹੈ, ਇੱਕ ਪਾਸੇ ਆਪਾਂ ਆਪਣੀ ਤਾਕਤ ਸਮਝਦੇ ਹਾਂ, ਦੂਜੇ ਪਾਸੇ ਅਸੀਂ ਗੁਰੂ ਦੀ ਤਾਕਤ ਸਮਝਦੇ ਹਾਂ, ਆਪਾਂ ਵੀ ਸਮਝ ਲਈਏ ਕਿ ਤਾਕਤ ਆਪਣੀ ਜ਼ਿਆਦਾ ਹੈ ਜਾਂ ਗੁਰੂ ਦੀ ਜ਼ਿਆਦਾ ਹੈ। ਆਪਾਂ ਉਹਨਾਂ ਦਾ ਹੁਕਮ ਮੰਨਦਿਆਂ ਗੁਰੂ ਦੀ ਤਾਕਤ ਨੂੰ ਸਮਝਦਿਆਂ ਹੋਇਆ ਅਰਦਾਸ ਕਰਨੀ ਏ, ਸੱਚੇ ਪਾਤਸ਼ਾਹ ਅਸੀਂ ਵੀ ਤੇਰੇ ਹਾਂ, ਪੰਥ ਵੀ ਤੇਰਾ ਹੈ, ਇਸ ਪੰਥ ਦੀ ਰੱਖਿਆ ਤੂੰ ਹੀ ਕਰਨੀ ਏ। ਕ੍ਰਿਪਾ ਕਰ ਆਪਾਂ ਤੇਰਾ ਹੁਕਮ ਮਨ ਸਕੀਏ, ਤੇਰਾ ਹੁਕਮ ਮੰਨਦਿਆਂ ਹੋਇਆਂ ਤੇਰੀਆਂ ਖ਼ੁਸ਼ੀਆਂ ਲੈ ਸਕੀਏ, ਤੇਰਾ ਪੰਥ ਸਦਾ ਸਦਾ ਚੜ੍ਹਦੀਆਂ ਕਲਾ ਵਿੱਚ ਜਾਵੇ। ਬਾਕੀ ਕੋਈ ਕਿਸੇ ਦਾ ਕੁਝ ਨਹੀਂ ਵਿਗਾੜ ਸਕਦਾ, ਨਾ ਆਪਾਂ ਕਿਸੇ ਕੋਲੋਂ ਡਰਦੇ ਹਾਂ। ਆਪਾਂ ਡਰਦੇ ਹਾਂ ਆਪਣੇ ਸਤਿਗੁਰੂ ਆਪਣੇ ਅਕਾਲ ਪੁਰਖ ਤੋਂ ਡਰਦੇ ਹਾਂ। ਉਹਨਾਂ ਦੀ ਆਪਾਂ ਨੂੰ ਕ੍ਰਿਪਾ ਚਾਹੀਦੀ ਏ ਉਹਨਾਂ ਦੀ ਬਖ਼ਸ਼ਸ਼ ਉਹਨਾਂ ਦੀਆਂ ਖ਼ੁਸ਼ੀਆਂ ਆਪਣੇ ਤੇ ਰਹਿਣ, ਫਿਰ ਆਪਣਾ ਕੋਈ ਕੁਝ ਨਹੀਂ ਵਿਗਾੜ ਸਕਦਾ।

ਇਹ ਜੋ ਕੁਛ ਦੱਸਿਆ ਗਿਆ ਹੈ ਸਿਰਫ ਤੁਹਾਡੀ ਇਨਫ਼ੌਰਮੈਸ਼ਨ (ਜਾਣਕਾਰੀ) ਵਾਸਤੇ ਦੱਸਿਆ ਹੈ। ਇਸ ਕਰਕੇ ਨਹੀਂ ਕਿ ਤੁਸੀਂ ਇਸ ਤੇ ਕੁਝ ਕਰੋ। ਜਿਨਾਂ ਕੁੱਝ ਕਰਨ ਵਾਲਾ ਏ, ਜਿਹੜਾ ਤੁਹਾਡੇ ਆਖ਼ਿਆ ਮੰਨਦਾ ਏ ਉਹਨੂੰ ਆਖੋ ਇਸ ਚੀਜ਼ ਤੋਂ ਤੂੰ ਬਚ ਜਾ। ਜਿਹੜੇ ਤੁਹਾਨੂੰ ਭੁਲੇਖੇ ਪਾਏ ਜਾਂਦੇ ਨੇ, ਤੂੰ ਮੇਰਾ ਸੱਜਣ ਏ ਬੱਚ ਜਾ। ਜਿਹੜਾ ਨਹੀਂ ਬੱਚਦਾ ਤੇ ਕਹਿੰਦਾ ਕਿ ਮੈਂ ਟੋਏ ਵਿੱਚ ਡਿਗ ਪਿਆ ਹਾਂ ਮੈਂ ਟੋਏ ਵਿੱਚੋਂ ਨਹੀਂ ਨਿਕਲਣਾ, ਡਿਗੇ ਰਹਿਣ ਦੇਓ। ਕੋਈ ਗੱਲ ਨਹੀਂ ਆਪੇ ਜਦੋਂ ਗੁਰੂ ਕ੍ਰਿਪਾ ਕਰੇਗਾ ਨਿਕਲ ਆਏਗਾ। ਆਪਾਂ ਉਸ ਦੇ ਵਾਸਤੇ ਅਰਦਾਸ ਹੀ ਕਰ ਸਕਦੇ ਹਾਂ, ਇਨ੍ਹੀ ਗੱਲ ਕਰਕੇ ਮੈਂ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ।

31 ਦਸੰਬਰ 2015– ਸ੍ਰੀ ਭੈਣੀ ਸਾਹਿਬ

सतिजुग
1920 में स्थापित

# धर्म गुरु को उड़ाने के लिए मानव बम बनने वाले थे अजय और जगमोहन



पुलिस अधिकारी जांच के बारे मे खुलासा करते हुए।

कार बलास्ट के मामले की जांच में सनसनीखेज खुलासा हुआ है। यह कोई हादसा नहीं बल्कि मानव बम बन मालवा के एक धर्म गुरु को उड़ाने की साजिश थी। इस साजिश को अंजाम देने के लिए ब्लास्ट में मारे गए कपडा व्यापारी अजय शर्मा ऊर्फ बिट्टू और क्रिमिनल जगमोहन सिंह ने मानव बम बनना था। जगमोहन पर अजय की बीवी पिंकी शर्मा ने आरोप लगाया था कि उनके पति को साजिश के तहत बम से उड़ाया है। हालांकि पुलिस अभी पुष्टि नहीं कर रही है पुलिस ने केस में जगमोहन के करीबी साथी कस्वा भुलत्थ के किसान हरदीप सिंह को अरेस्ट कर एक टिफिन बम बरामद किया है। हरदीप को पुछताछ के लिए चार दिन के रिमांड पर लिया गया है।

आईजी अर्पित शुक्ला ने बताया कि 4 दिसंबर की रात गांव डूगरी में कार में ब्लास्ट हुआ था। इसमें मोती नगर के अजय शर्मा बिट्टू की मौत हो गई थी। वहीं गदईपुर का जगमोहन सिंह जख्मी हुआ था। तीन खून में बरी हो चूके जगमोहन ने पुलिस को कहानी सुनाई थी कि वह दोस्त अजय के साथ जमीन देखने आया था तो रास्ते में बाईक पर दो युवक आए और कार में बम फैंक कर चले गए। आईजी बोले, जांच में जगमोहन की बताई कहानी झूठ निकली।

### बेई में फेंक दिए थे दो टिफिन बम

**पूछताछ में आरोपी मानता है कि जब ब्लास्ट का उसे पता चला तो उसने फौरन घर के पास ही एक बेईं में दोनो टिफिन बम फेंक दिए थे और वह भागकर यूपी चला गया था। इस बीच उसे पता चला की जगमोहन ने जुबां नहीं खोली है। इसलिए वह लौट आया था। आईजी ने बताया कि पुलिस ने बेईं में से एक टिफिन बम बरामद कर लिया है और दुसरे को गोताखोरों की मदद से ढूंढा जा रहा है। बम फांरेसिक जांच के लिए लैब भेज दिया जाएगा।**

### तीन बम आए थे हरियाणा से

**एसएसपी हरमोहन सिंह संधू की सुपरविजन में एसपी हरकंवलप्रीत सिंह खरख, स्पेशल स्टाफ के इंस्पेक्टर इंदरजीत सिंह, सीआईए स्टाफ के इंचार्ज हरिंदर सिंह गिल और सब इस्पेक्टर शिव कुमार को जांच सौंपी गई थी। पुलिस ने मामले में हरदीप सिंह को अरेस्ट कर पूछताछ की तो उसने बताया कि उसे 27 नवंबर को करतारपुर में बुलाया गया था। यहां पर एक थैला दिया गया। उसमें तीन टिफिन बम थे यह बम कैमिकल से बनाये गए थे। उसने घर में संभाल कर रख लिए। 4 दिसंबर को जगमोहन एक टिफिन बम** ले गया। इस बम को टेस्ट करके बलास्ट की क्षमता का पता लगाया जाना था। इसलिए वह सुनसान जगह पर गए थे। लेकिन बम की तारे आपस में जुड जाने के कारण बम कार में बलास्ट हो गया। अजय के शरीर से भी तांबें की तारों के टुकडे मिले थे। आईजी ने कहा हरदीप मानता है कि यह बम हरियाणा के हांसी रोड पर एक साथी देकर गया था। आईजी ने कहा कि यह आरोपी किसी संगठन से नहीं जुड़े हैं।

### गद्दी पर किसी और को बिठाने का लेना चाहते थे बदला

जलंधर–उच्च पद सूत्र बताते हैं कि हरदीप से सीआईए स्टाफ में खुद आईजी शुक्ला और डीआईजी शिव कुमार वर्मा ने पूछताछ की। 56 साल के हरदीप सिंह ने माना कि उसके दो बेटे हैं। वह स्टडी करते हैं। कुछ साल पहले उसकी मुलाकात हरियाणा के एक धार्मिक डेरे में जगमोहन से हुई थी दोनों एक ही धर्म गुरु को मानते हैं। कुछ समय पहले उनके धर्म गुरु को गद्दी देने कि बजाय दूसरे को गद्दी पर बिठाया गया था। यह बात उसे और उससे जुडे जगमोहन और अन्य को अच्छी नहीं लगी थी। इसलिए वह सिरसा में रहते दो साथी के साथ मिलकर धर्म गुरु को उड़ाने की साजिश बनाई। दैनिक भास्कर, 18 दिसम्बर

# ਪਿੰਡ ਬਿਜਲੀਵਾਲ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਅਤੇ ਸ਼ਰਧਾਵਾਨ ਸਿੱਖ ਬ੍ਰਹਮਗਿਆਨੀ ਸੰਤ ਬਲਵੰਤ ਸਿੰਘ ਵੈਦ ਜਿਹਨਾਂ ਨੇ ਆਪਣੀ ਸਾਰੀ ਜ਼ਿੰਦਗੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਰਹਿੰਦੀਆਂ ਹੋਇਆਂ ਇਕ ਪਰਉਪਕਾਰੀ ਇਨਸਾਨ ਦੀ ਤਰ੍ਹਾਂ ਗੁਜਾਰੀ ਅਤੇ ਅਨੇਕਾਂ ਹੀ ਪ੍ਰਾਣੀਆਂ ਨੂੰ ਆਪਣੀ ਜ਼ਿੰਦਗੀ ਦੇ ਅਸਲੀ ਰਸਤੇ ਤੋਂ ਭਟਕ ਚੁਕੇ ਲੋਕਾਂ ਨੂੰ ਗੁਰੂ ਚਰਨਾਂ ਨਾਲ ਜੋੜ ਦੇ ਜੀਵਨ ਦਾਨ ਦਿੱਤਾ। ਸੰਤ ਬਲਵੰਤ ਸਿੰਘ ਵੈਦ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਮੇਲਾ ਮਨਾਉਣ ਦੀ ਅਰਜ਼ ਸੰਤ ਹਰਦੇਵ ਸਿੰਘ ਬਿਜਲੀਵਾਲ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਤਾਂ ਸ੍ਰੀ ਸਤਿਗੁਰੂ ਜੀ ਨ 24 ਨਵੰਬਰ ਨੂੰ ਮੇਲਾ ਕਰਨ ਦੀ ਅਰਜ਼ ਪ੍ਰਵਾਨ ਕੀਤੀ।

24 ਨਵੰਬਰ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਵੇਰੇ 7.30 ਵਜੇ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਤੋਂ ਬਿਜਲੀਵਾਲ ਵਿਖੇ ਦਰਸ਼ਨ ਦੇਣ ਲਈ ਸਿਖਾਂ ਸੇਵਕਾਂ ਸਹਿਤ ਕਮਰਕੱਸੇ ਕਰ ਰਵਾਨਗੀ ਕੀਤੀ। ਰਸਤੇ ਵਿਚ ਮਹਿਤਾਚੋਕ ਦੇ ਨੇੜੇ ਪਿੰਡ ਸਾਧਪੁਰ ਚੋਗਾਵਾਂ ਵਿਖੇ ਸੰਤ ਨਿਸ਼ਾਨ ਸਿੰਘ, ਸੁਖਬੀਰ ਸਿੰਘ ਅਤੇ ਰਨਧੀਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਉਪਰੰਤ ਪਿੰਡ ਹੋਠੀਆਂ ਵਿਖੇ ਸੰਤ ਗੁਰਦੇਵ ਸਿੰਘ ਦੇ ਘਰ ਚਰਨ ਪਾਏ। ਇਥੋਂ ਹੀ ਸ੍ਰੀ ਸਤਿਗੁਰੂ ਜੀ ਪਿੰਡ ਬਿਜਲੀਵਾਲ ਲਈ ਚਾਲੇ ਪਾਏ ਤਾਂ ਰਸਤੇ ਵਿਚ ਬਟਾਲਾ ਬਾਈਪਾਸ ਉਪਰ ਸੂਬਾ ਅਜੀਤ ਸਿੰਘ ਬਟਾਲਾ, ਸੰਤ ਬਲਵਿੰਦਰ ਸਿੰਘ ਚੱਕ ਯਾਕੂਬ ਅਤੇ ਹੋਰ ਸੰਗਤ ਨੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਬਿਜਲੀਵਾਲ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਸੰਤ ਹਰਦੇਵ ਸਿੰਘ ਦੇ ਭਰਾ ਅਤੇ ਪਿੰਡ ਦੇ ਸਰਪੰਚ ਸ. ਅਮਰਜੀਤ ਸਿੰਘ ਦੇ ਗ੍ਰਿਹਿ ਵਿਖੇ ਪ੍ਰਸ਼ਾਦ ਪਾਣੀ ਛਕਿਆ। ਪੰਡਾਲ ਵਿਚ ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ, ਸੂਬਾ ਮੋਹਕਮ ਸਿੰਘ ਅਤੇ ਹੋਰ ਸੰਗਤ ਨੂੰ ਗੁਰੂ ਜਸ ਸਰਵਣ ਕਰਵਾ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਸੰਤ ਹਰਦੇਵ ਸਿੰਘ ਦੇ ਭਰਾ ਸੁਰਜੀਤ ਸਿੰਘ ਅਤੇ ਸਤਨਾਮ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿਚ ਦਰਸ਼ਨ ਦਿੱਤੇ। ਸਟੇਜ ਤੇ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲੇ ਆਪਣੇ ਜਥੇ ਸਹਿਤ ਦਿਵਾਨ ਲਾ ਰਹੇ ਸਨ। ਉਪਰੰਤ ਸੰਤ ਨਿਸ਼ਾਨ ਸਿੰਘ ਕਥਾ ਵਾਚਕ ਸ੍ਰੀ ਭੈਣੀ ਸਾਹਿਬ ਨੇ ਕਥਾ ਕੀਤੀ। ਸੰਤ ਹਰਦੇਵ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ। ਸ੍ਰੀ ਸਤਿਗੁਰੂ ਜੀ ਨੇ ਸੰਤਾਂ ਦੀ ਉਸਤਤ ਕਰਦਿਆਂ ਆਪਣਾ ਪਾਵਨ ਪਵਿੱਤਰ ਉਪਦੇਸ਼ ਸਾਧ ਸੰਗਤ ਦੇ ਭਲੇ ਲਈ ਦੇਣ ਦੀ ਕਿਰਪਾ ਕੀਤੀ। ਮੇਲੇ ਦੀ ਸਫਲਤਾ ਲਈ ਸੰਤ ਹਰਦੇਵ ਸਿੰਘ ਦੇ ਨਾਲ ਇਲਾਕੇ ਦੀ ਸਾਧ ਸੰਗਤ ਅਤੇ ਸੰਤਾਂ ਦੇ ਭਰਾ ਸੁਰਿੰਦਰ ਸਿੰਘ ਨੇ ਭਰਪੂਰ ਸਹਿਯੋਗ ਦਿੱਤਾ। ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ।■

# A MUSICAL EVENING AT VANCOUVER




**Ustad Kiranpal Singh playing Santoor. He is accompanied by Darshan Singh on Table.**

**Saturday December 26th 2015.** Ustad Kiranpal Singh a leading disciple of Pandit Shiv Kumar Sharma is visiting Vancouver Sadh Sangat. He performed at the Sadh Sangat, while introducing himself and the instrument he remembered our late Ragi Mohan Singh Ji. He then devoted this evenings performance to the memory of Ragi Mohan Singh Ji. Darshan Singh accompanied Ustad Ji on tabla. Darshan Singh is currently learning tabla from Ustad Sukhwinder Singh Ji "Pinky".

With the blessing of Satguru Ji the program was enjoyed by the Sadh Sangat. Kiranpal Singh will also play in Toronto on 10th January 2016. ***Diljit Singh,** Namdhari Sangat, Vancouver.*

SATJUG
ESTABLISHED IN 1920


**PARVACHAN**
**SRI SATGURU JAGJIT SINGH JI**

## NAAM SHOULD BE RECITED ACCURATELY AND AFFECTIONATELY



**Whenever you are ready to start one hour Naam Simran, you should first rid your mind of any spiteful thoughts toward anyone, only then you should start doing the Naam Simran. Try your sincerely best to do an hour of Naam Simran with complete harmony in the mind. At the time of doing Naam Simran ensure all the alphabets and vowels are correctly recited. They should be pronounced with such an emotional devotion and fondness as you would address your father, brother or son or you speak to anyone with utmost affection. In exactly the same way you should utter Naam lovingly. -Translated by JSH**

# CAR BOMB THAT KILLED JALANDHAR TRADER WAS MEANT FOR SECT HEAD



**One of the three tiffin bombs prepared for the purpose had exploded accidentally inside a Maruti Swift Dzire car at Dugri village, 20 kilometers from this district headquarters on December 5. (HT FILE PHOTO)**

**Jatinder Kohli, Hindustan Times**

Updated: Dec 18, 2015 11:06 IST

Leads from a Kapurthala man arrested in the December 4 car-bomb case have uncovered a plot to send two suicide bombers to kill the head of a Ludhiana-based sect later this month at a prominent event in the state.

One of the three tiffin bombs prepared for the purpose had exploded accidentally inside a Maruti Swift Dzire car at Dugri village, 20 kilometers from this district headquarters, killing clothes merchant Ajay Kumar (35) of Moti Nagar here and injuring Jagmohan Singh (45) of Godaipur. Looking into it, superintendent of police (investigations) HPS Khakh, inspector Inderjit Singh, and sub-inspector Shiv Kumar, later, arrested Hardeep Singh (55) of Bholath in Kapurthala and claimed to have gathered from him that the explosive had been prepared from ammonium nitrate fertiliser supplied by accomplices at Sirsa in Haryana.

**THE OTHER BOMBS**

Police say Hardeep Singh kept two tiffin bombs, while Jagmohan and Ajay took the third. After it exploded in their car on December 4, Hardeep threw the other two bombs into a pond, from where police divers have recovered one. Inspector general of police (zone-2) Arpit Shukla denied that this was an attempt to revive terrorism in the state. "The bomb came from Hansi Road in Sirsa and doesn't belong to any terrorist group. Forensic experts from Chandigarh analysed it," he said, adding that police expected leads also from Jagmohan Singh, who was under treatment at a private hospital.

Later on Thursday, a local court remanded Hardeep in police custody till Monday.

Earlier, Jagmohan had told the police that two men on a motorcycle had driven by the car and tossed the bomb at Ajay in the driver's seat, and shocked by the injuries, he had failed to notice how the attackers looked.

He had claimed that, later, he had driven into a private hospital in that damaged car, and called the police. The cops found the road too narrow for two vehicles to pass at the same time; and also looked into why the car was off the highway, in an isolated place hidden by sugarcane fields at Dugri village.

A case under Sections 302 (murder) and 120-B (criminal conspiracy) of the Indian Penal Code (IPC) and Sections 3 (repeal of portions of Act 12 of 1875), 4 (definition of explosive material), and 5 (continuing business of explosives without licence) of the Explosives Act was registered against Jagmohan Singh on the statement of Pinki, wife of victim Ajay. **-Hindustan Times, 18 December**

# ਕਾਰ ਬੰਬ ਧਮਾਕੇ ਦੀ ਵਾਰਦਾਤ ਹਲ

## ❖ ਅਜੇ ਨੂੰ ਬਣਾਉਣਾ ਸੀ 'ਮਨੁੱਖੀ ਬੰਬ' ❖ ਧਮਾਕਿਆਂ ਦੀ ਸੀ ਯੋਜਨਾ

## ❖ ਸੰਗੀਤ ਸਮੇਲਨ 'ਚ ਸ਼ਾਮਲ ਹੋਣ ਵਾਲੇ ਧਾਰਮਿਕ ਗੁਰੂ ਸਨ ਟਾਰਗੈਟ



**ਜਾਣਕਾਰੀ ਦਿੰਦੇ ਪੁਲਿਸ ਅਧਿਕਾਰੀ ਅਤੇ ਸਜੇ ਮੁਲਜ਼ਿਮ ਨੂੰ ਫੜ ਕੇ ਲੈ ਜਾਂਦੀ ਪੁਲਿਸ।**

**ਜਲੰਧਰ, 17 ਦਸੰਬਰ: (ਪ੍ਰੀਤ ਬੈਂਸ)** ਨਜ਼ਦੀਕੀ ਪਿੰਡ ਦੂੱਗਰੀ ਰਸੂਲਪੁਰ ਕੱਚੇ ਰਸਤੇ ਤੇ ਕਾਰ ਬੰਬ ਧਮਾਕੇ ਦੀ ਵਾਰਦਾਤ ਪੁਲਿਸ ਨੇ ਹੱਲ ਕਰ ਲਈ ਹੈ। ਪੁਲਿਸ ਨੇ ਵਾਰਦਾਤ ਨਾਲ ਸੰਬੰਧਤ ਇੱਕ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਦੀ ਨਿਸ਼ਾਨ ਦੇਹੀ ਤੇ ਭੁੱਲਥ ਦੇ ਨੇੜੇ ਵਹਿੰਦੀ ਵੈਈ ਵਿੱਚ ਫਿਸਫੋਟਕ ਸਮਗਰੀ ਨਾਲ ਭਰਿਆ ਡੱਬਾ ਵੀ ਬਰਾਮਦ ਕਰ ਲਿਆ ਹੈ। 4 ਦਸੰਬਰ ਨੂੰ ਕਾਰ ਬੰਬ ਧਮਾਕੇ ਚ ਕਾਰ ਸਵਾਰ ਅਜੇ ਕੁਮਾਰ ਉਰਫ ਬਿੱਟੂ ਦੀ ਮੌਕੇ ਤੇ ਮੌਤ ਹੋ ਗਈ ਸੀ ਤੇ ਚਾਲਕ ਜਗਮੋਹਨ ਨਿਵਾਸੀ ਗੋਦਾਈਪੁਰ ਜ਼ਖਮੀ ਹੋ ਗਿਆ ਸੀ। ਵਾਰਦਾਤ ਟਰੇਸ ਕਰਨ ਦੇ ਲਈ ਆਈ. ਜੀ ਅਰਪਿਤ ਸ਼ੁਕਲਾ ਨੇ ਖੁਦ ਕਮਾਨ ਸੰਭਾਲੀ ਅਤੇ ਡੀ.ਆਈ.ਜੀ ਜਲੰਧਰ ਫੇਰ ਸ਼ਿਵ ਕੁਮਾਰ ਵਰਮਾ ਦੀ ਅਗਵਾਈ ਵਿੱਚ ਐਸ.ਐਸ.ਪੀ ਹਰਮੋਹਨ ਸਿੰਘ, ਐਸ.ਪੀ (ਡੀ) ਹਰਕਮਲਪ੍ਰੀਤ ਸਿੰਘ, ਇੰਸਪੈਕਟਰ ਇੰਦਰਜੀਤ ਅਤੇ ਐਸ ਆਈ ਸ਼ਿਵ ਕੁਮਾਰ ਤੇ ਆਧਾਰਿਤ ਸਪੈਸ਼ਲ ਇਨਵੈਸਟੀਗੈਸ਼ਨ ਟੀਮ ਗਠਿਤ ਕੀਤੀ ਗਈ। ਆਈ.ਜੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਵਾਰਦਾਤ ਨੂੰ ਟਰੇਸ ਕਰਨ ਲਈ ਪੁਲਿਸ ਨੇ ਸਾਇੰਟਿਫਕ ਤਰੀਕੇ ਦਾ ਇਸਤੇਮਾਲ ਕੀਤਾ ਕਿਉਂਕਿ ਵਾਰਦਾਤ ਦਾ ਚਸ਼ਮਦੀਦ ਜਗਮੋਹਨ ਹਸਪਤਾਲ ਵਿੱਚ ਇਲਾਜ ਅਧੀਨ ਹੈ। ਜਗਮੋਹਨ ਵਲੋਂ ਦੱਸੀ ਜਾ ਰਹੀ ਕਹਾਣੀ ਪੁਲਿਸ ਦੇ ਗੱਲੇ ਨਹੀ ਉੱਤਰੀ। ਐਸ. ਆਈ.ਈ ਵਲੋਂ ਕੀਤੀ ਗਈ ਸਾਇੰਟਿਫਕ ਜਾਂਚ ਦੇ ਉਪਰੰਤ ਪੁਲਿਸ ਟੀਮ ਨੇ ਬੀਤੀ ਰਾਤ ਰਹਦੀਪ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਭੁਲੱਥ, ਕਪੂਰਥਲਾ ਨੂੰ ਗ੍ਰਿਫਤਾਰ ਕਰ ਲਿਆ। ਦਰਅਸਲ ਸ਼ਹਿਰ ਵਿੱਚ ਵਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਜਗਮੋਹਨ ਅਤੇ ਅਜੇ ਦੋਵੇਂ ਵਿਸਫੋਟ ਦਾ ਟਰਾਇਲ ਕਰਨ ਜਾ ਰਹੇ ਸਨ। ਸੂਤਰਾਂ ਨੇ ਦੱਸਿਆ ਕਿ ਜਗਮੋਹਨ ਨੇ ਅਜੇ ਨੂੰ ਇਸ ਵਾਰਦਾਤ ਦੇ ਲਈ ਇਸ ਲਈ ਚੁਣਿਆ ਸੀ ਕਿ ਅਜੇ ਇਲੈਕਟ੍ਰੀਸ਼ੀਅਨ ਸੀ ਤੇ ਉਸ ਨੂੰ ਤਾਰਾ ਦੇ ਕੰਮ ਦੀ ਚੰਗੀ ਤਰ੍ਹਾਂ ਜਾਣਕਾਰੀ ਸੀ। ਵਾਰਦਾਤ ਵਾਲੇ ਦਿਨ ਜਗਮੋਹਨ ਅਤੇ ਅਜੇ ਦੋਵੇਂ ਹਰਦੀਪ ਤੋਂ ਵਿਸਫੋਟਕ ਸਮੱਗਰੀ ਵਾਲਾ ਡੱਬਾ ਲੈ ਕੇ ਆਏ ਸਨ। ਸੁੰਨਸਾਨ ਜਗ੍ਹਾ ਜਾ ਕੇ ਦੋਵਾਂ ਨੇ ਡੱਬਾ ਖੋਲ੍ਹਿਆ ਤੇ ਤਾਰ ਦੇਖਣ ਲੱਗੇ ਪਰ ਅਚਾਨਕ ਗਲਤ ਤਾਰ ਜੁੜਨ ਨਾਲ ਧਮਾਕਾ ਹੋ ਗਿਆ।

**ਸਿਰਸਾ ਦੇ ਅਪਰਾਧੀਆਂ ਨੇ ਦਿੱਤੀ ਵਿਸਫੋਟਕ ਸਮੱਗਰੀ:**

ਸੂਤਰਾਂ ਦਾ ਦਾਅਵਾ ਹੈ ਕਿ ਹਰਦੀਪ ਅਤੇ ਜਗਮੋਹਨ ਦਾ ਸੂਬੇ ਦੇ ਇਕ ਧਾਰਮਿਕ ਸਥਾਨ ਤੇ ਆਉਣਾ-ਜਾਣਾ ਸੀ। ਉਹਨਾਂ ਦੀ ਮੁਲਾਕਾਤ ਵੀ ਸਤਿਸੰਗ ਦੌਰਾਨ ਹੋਈ ਸੀ। ਸੂਤਰਾਂ ਨੇ ਦੱਸਿਆ ਕਿ ਹਰਦੀਪ ਅਤੇ ਜਗਮੋਹਨ ਦੋਵੇਂ ਇਕ ਧਰਮ ਦੇ ਪੈਰੋਕਾਰ ਸਨ। ਦੋਹਾਂ ਨੇ ਆਪਣੇ ਧਰਮ ਗੁਰੂ ਦੀ ਸਰਵਉੱਚਤਾ ਬਣਾਈ ਰੱਖਣ ਲਈ ਯੋਜਨਾ ਬਣਾਉਣੀ ਸ਼ੁਰੂ ਕੀਤੀ। ਸੂਤਰਾਂ ਨੇ ਦੱਸਿਆ ਕਿ ਇਸ ਸਾਜਿਸ਼ ਵਿੱਚ ਸਿਰਸਾ ਏਰੀਆ ਦੇ ਅਪਰਾਧਿਕ ਕਿਸਮ ਦੇ ਲੋਕ ਵੀ ਸ਼ਾਮਲ ਹਨ। ਬੀਤੇ ਮਹੀਨੇ ਜਗਮੋਹਨ ਸਿਰਸਾ ਦੇ ਦੋ ਲੋਕਾਂ ਨਾਲ ਵਿਸਫੋਟਕ ਸਮੱਗਰੀ ਲੈ ਕੇ ਆਇਆ। ਟਿਫਨ ਬਾਕਸ ਵਿੱਚ ਲਿਆਂਦੀ ਗਈ ਸਮੱਗਰੀ ਉਸ ਨੇ ਹਰਦੀਪ ਦੇ ਕੋਲ ਰੱਖ ਦਿੱਤੀ। ਸੂਤਰਾਂ ਨੇ ਦੱਸਿਆ ਕਿ ਦੋਵਾਂ ਨੂੰ ਪਤਾ ਲੱਗਾ ਕਿ ਧਾਰਮਿਕ ਗੁਰੂ ਸ਼ਹਿਰ ਵਿੱਚ ਹੋ ਰਹੇ ਸੰਗੀਤ ਸੰਮੇਲਨ ਵਿੱਚ ਪਹੁੰਚਣ ਵਾਲੇ ਹਨ। ਦੋਹਾਂ ਨੇ ਧਾਰਮਿਕ ਗੁਰੂ ਨੂੰ ਟਾਰਗੈਟ ਕਰਨ ਦੀ ਯੋਜਨਾ ਤੇ ਕੰਮ ਸ਼ੁਰੂ ਕੀਤਾ। ਦੋਵਾਂ ਨੇ ਯੋਜਨਾਤਮਕ ਢੰਗ ਨਾਲ ਅਜੇ ਕੁਮਾਰ ਉਰਫ ਬਿੱਟੂ ਨੂੰ ਮਨੁੱਖੀ ਬੰਬ ਬਣਨ ਤੇ ਰਾਜ਼ੀ ਕਰ ਲਿਆ। ਦੋਹਾਂ ਦੀ ਯੋਜਨਾ ਸੀ ਕਿ ਜੇਕਰ ਕੋਈ ਮਨੁੱਖੀ ਬੰਬ ਬਣਨ ਲਈ ਤਿਆਰ ਨਾ ਹੁੰਦਾ ਤਾ ਹਰਦੀਪ ਖੁਦ ਬੰਬ ਬਣਨ ਨੂੰ ਤਿਆਰ ਸੀ।

**ਵਾਰਦਾਤ ਦੇ ਬਾਅਦ ਵਿਸਫੋਟਕ ਡੱਬੇ ਵੇਈਂ ਵਿੱਚ ਸੁੱਟ ਕੇ ਯੂ.ਪੀ ਦੌੜ ਗਿਆ ਸੀ.**

ਮੁੰਢਲੀ ਪੁੱਛ-ਪੜਤਾਲ ਵਿੱਚ ਪਤਾ ਚੱਲਿਆ ਹੈ ਕਿ ਹਰਦੀਪ ਸਿੰਘ ਅਤੇ ਜਗਮੋਹਨ ਸਿੰਘ ਦੋਵੇਂ ਪੁਰਾਣੇ ਦੋਸਤ ਹਨ। ਹਰਦੀਪ ਨੇ ਪੁਲਿਸ ਨੂੰ ਦੱਸਿਆ ਕਿ 27 ਨਵੰਬਰ ਨੂੰ ਜਗਮੋਹਨ ਉਸ ਦੇ ਕੋਲ ਆਇਆ ਅਤੇ ਉਸ ਨੂੰ ਤਿੰਨ ਡੱਬਿਆਂ ਵਾਲਾ ਟਿਫਿਨ ਬਾਕਸ ਆਪਣੇ ਕੋਲ ਸੁਰੱਖਿਅਤ ਰੱਖਣ ਲਈ ਕਿਹਾ। ਉਸ ਨੂੰ ਪਤਾ ਸੀ ਕਿ ਉਸ ਵਿੱਚ ਵਿਸਫੋਟਕ ਸਮੱਗਰੀ ਹੈ। ਇਸ ਉਪਰੰਤ 4 ਦਸੰਬਰ ਨੂੰ ਜਗਮੋਹਨ ਅਤੇ ਅਜੇ ਉਰਫ ਬਿੱਟੂ ਦੋਵੇਂ ਕਾਰ ਵਿਚ ਉਸ ਦੇ ਕੋਲ ਆਏ ਅਤੇ ਵਿਸਫੋਟਕ ਸਮੱਗਰੀ ਵਾਲੇ ਤਿੰਨਾਂ ਵਿੱਚੋ ਇਕ ਡੱਬਾ ਨਾਲ ਲੈ ਗਏ। ਹਰਦੀਪ ਨੇ ਦੱਸਿਆ ਕਿ ਅਗਲੇ ਦਿਨ ਪਤਾ ਲੱਗਾ ਕਿ ਕਾਰ ਵਿੱਚ ਬੰਬ ਫਟਣ ਨਾਲ ਅਜੇ ਦੀ ਮੌਤ ਹੋ ਗਈ ਅਤੇ ਜਗਮੋਹਨ ਜ਼ਖਮੀ ਹੋ ਗਿਆ ਉਹ ਡਰਦੇ ਮਾਰੇ ਆਪਣੇ ਰਿਸ਼ਤੇਦਾਰਾਂ ਦੇ ਕੋਲ ਯੂ.ਪੀ. ਚਲੇ ਗਿਆ। ਹੁਣ ਬੀਤੇ ਦਿਨ ਉਸ ਨੂੰ ਪਤਾ ਲੱਗਾ ਕਿ ਜਗਮੋਹਨ ਨੇ ਪੁਲਿਸ ਨੂੰ ਕੁਝ ਨਹੀਂ ਦੱਸਿਆ ਤੇ ਵਾਪਸ ਮੁੜ ਆਇਆ। ਪੁਲਿਸ ਪੁੱਛ-ਪੜਤਾਲ ਵਿਚ ਦੋਸ਼ੀ ਹਰਦੀਪ ਨੇ ਦੱਸਿਆ ਕਿ ਯੂ.ਪੀ. ਜਾਂਦੇ ਸਮੇਂ ਉਸ ਨੇ ਘਰ ਵਿਚ ਰੱਖੇ ਵਿਸਫੋਟਕ ਸਮੱਗਰੀ ਦੇ ਦੋਵੇਂ ਡੱਬੇ ਵੇਈ ਵਿਚ ਸੁੱਟ ਦਿੱਤੇ। ਆਈ.ਜੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੁਲਿਸ ਨੇ ਬੀਤੇ ਦਿਨੀਂ ਗੋਤਾਖੋਰਾ ਦੀ ਮਦਦ ਨਾਲ ਵਿਸਫੋਟਕ ਸਮੱਗਰੀ ਦਾ ਇਕ ਡੱਬਾ ਬਰਾਮਦ ਕਰ ਲਿਆ ਹੈ, ਜਦਕਿ ਦੂਜਾ ਡੱਬਾ ਪੁਲਿਸ ਟੀਮ ਲੱਭ ਰਹੀਆਂ ਹਨ। ਬਰਾਮਦ ਡੱਬੇ ਚੋਂ ਸੈਂਪਲ ਲੈ ਕੇ ਸਾਇੰਸ ਲੈਬ ਚੰਡੀਗੜ੍ਹ ਭੇਜੇ ਜਾ ਰਹੇ ਹਨ। ਵਾਰਦਾਤ ਦੇ ਬਾਅਦ ਲਏ ਗਏ ਸੈਂਪਲ ਅਤੇ ਬਰਾਮਦ ਵਿਸਫੋਟਕ ਸਮੱਗਰੀ ਨੂੰ ਮਿਲਾ ਕੇ ਦੇਖਿਆ ਜਾਵੇਗਾ।

**ਅੱਤਵਾਦੀ ਸੰਗਠਨ ਨਾਲ ਸੰਬੰਧ ਨਹੀਂ ਪਰ ਕਰਨੀ ਸੀ ਵੱਡੀ ਵਾਰਦਾਤ:**

ਆਈ.ਜੀ. ਅਰਪਿਤ ਸ਼ੁਕਲਾ ਨੇ ਕਿਹਾ ਕਿ ਉਕਤ ਲੋਕ ਵੱਡੀ ਵਾਰਦਾਤ ਦੀ ਸਾਜ਼ਿਸ਼ ਤਹਿਤ ਕੰਮ ਕਰ ਰਹੇ ਸਨ ਪਰ ਕਿਸੇ ਅੱਤਵਾਦੀ ਸੰਗਠਨ ਦੇ ਸੰਪਰਕ ਵਿੱਚ ਨਹੀਂ ਸਨ। ਉਹਨਾਂ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀ ਤੋਂ ਪੁਛ-ਪੜਤਾਲ ਵਿੱਚ ਮਿਲੀ ਜਾਣਕਾਰੀ ਦੇ ਅਧਾਰ ਤੇ ਪੁਲਿਸ ਟੀਮਾ ਰਾਜ ਵਿੱਚ ਵੱਖ-ਵੱਖ ਸਥਾਨਾਂ ਤੇ ਗੇੜ ਕਰ ਰਹੀਆਂ ਹਨ। ਇਸ ਮਾਮਲੇ ਵਿੱਚ ਹੋਰ ਗ੍ਰਿਫਤਾਰੀਆ ਅਤੇ ਪੁੱਛ-ਪੜਤਾਲ ਦੇ ਬਾਅਦ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਦੇਸੀ ਬੰਬ ਨਾਲ ਕੀਤੀ ਜਾਣੀ ਸੀ ਵਾਰਦਾਤ:**

ਵਾਰਦਾਤ ਵਿੱਚ ਵਰਤੀ ਜਾਣ ਵਾਲੀ ਵਿਸਫੋਟਕ ਸਮੱਗਰੀ ਦੇਸੀ ਬੰਬ ਦੇ ਲਈ ਸੀ। ਦੱਸਿਆ ਜਾ ਰਿਹਾ ਹੈ ਕਿ ਟਿਫਨ ਬਾਕਸ ਵਿਚ ਬੰਬ ਦਾ ਰਾਅ ਮਟੀਰੀਅਲ ਸੀ, ਜਦਕਿ ਉਸ ਵਿਚ ਵਿਸਫੋਟ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਲਈ ਫਿਲਹਾਲ ਉਸ ਵਿਚ ਕਿੱਲ, ਪੱਥਰ ਅਤੇ ਘਾਤਕ ਸਮੱਗਰੀ ਪਾਉਣਾ ਬਾਕੀ ਸੀ।

**ਪੈਸਿਆਂ ਦਾ ਲਾਲਚ ਦੇ ਕੇ ਅਜੇ ਨੂੰ ਮਨਾਇਆ ਮਨੁੱਖੀ ਬੰਬ ਬਣਨ ਲਈ:**

ਸੂਤਰਾਂ ਅਨੁਸਾਰ ਅਜੇ ਕੁਮਾਰ ਉਰਫ ਬਿੱਟੂ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਸ਼ਾਤਿਰ ਅਪਰਾਧੀ ਜਗਮੋਹਨ ਨੇ ਉਸ ਨੂੰ ਆਪਣੇ ਝਾਂਸੇ ਵਿਚ ਲੈ ਲਿਆ। ਉਸ ਨੂੰ ਕਿਹਾ ਗਿਆ ਸੀ ਕਿ ਜੇਕਰ ਉਹ ਮਨੁੱਖੀ ਬੰਬ ਬਣਦਾ ਹੈ ਤਾਂ ਉਸ ਦੇ ਪਰਵਾਰ ਨੂੰ ਭਾਰੀ ਰਾਸ਼ੀ ਦਿੱਤੀ ਜਾਵੇਗੀ।

ਹਰਦੀਪ ਨੇ ਉਸ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਕਰੀਬ 20 ਏਕੜ ਖੇਤੀਬਾੜੀ ਦੀ ਜ਼ਮੀਨ ਹੈ ਤੇ ਉਹ ਇਕ ਏਕੜ ਜਮੀਨ ਵੇਚ ਕੇ ਉਸ ਦੇ ਪਰਵਾਰ ਨੂੰ ਰੁਪਏ ਦੇਵੇਗਾ। ਪਰਵਾਰ ਆਰਥਿਕ ਹਾਲਤ ਸੁਧਾਰਨ ਖਾਤਿਰ ਅਜੇ ਇਸ ਕੰਮ ਲਈ ਰਾਜ਼ੀ ਹੋ ਗਿਆ।

**ਮੁਲਾਜ਼ਮ ਨੂੰ ਕੀਤਾ ਅਦਾਲਤ 'ਚ ਪੇਸ਼ (ਜਤਿੰਦਰ, ਭਾਰਦਵਾਜ)-**

ਸੀ ਆਈ ਏ ਸਟਾਫ ਦਿਹਾੜੀ ਪੁਲਿਸ ਵਲੋਂ ਹਰਦੀਪ ਸਿੰਘ ਨਿਵਾਸੀ ਭੁਲੱਥ ਜ਼ਿਲਾ ਕਪੂਰਥਲਾ ਨੂੰ ਗ੍ਰਿਫਤਾਰ ਕਰਕੇ ਅੱਜ ਜੁਡੀਸ਼ੀਅਲ ਮੈਜਿਸਟਰੇਟ ਮਿਸ ਮਮਤਾ ਕੱਕੜ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਇਸ ਨੂੰ 4 ਦਿਨ ਦਾ ਪੁਲਿਸ ਰਿਮਾਂਡ ਦੇ ਕੇ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ।

**-ਜਗਬਾਣੀ, 18 ਦਸੰਬਰ**

# ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਮੇਲੇ



**ਮੁੰਬਈ ਦੀ ਸਾਧ ਸੰਗਤ ਨਾਮ ਸਿਮਰਨ ਕਰਦੀ ਹੋਈ।**

● **ਮੁੰਬਈ,** 13.12.2015: ਸਾਰੇ ਵਿਸ਼ਵ ਵਿੱਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਸਦਕਾ, ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ-ਚ-ਸਾਧ ਸੰਗਤ ਨੇ ਜੁੜਨ ਦਾ ਉਪਰਾਲਾ ਕੀਤਾ। ਮੁੰਬਈ ਨਾਮਧਾਰੀ ਸਾਧ-ਸੰਗਤ ਨੇ 13 ਦਸੰਬਰ 2015 ਵਾਲੇ ਦਿਨ ਮਾਟੁੰਗਾ ਧਰਮਸ਼ਾਲਾ ਵਿਖੇ, ਅੰਮ੍ਰਿਤ ਵੇਲੇ ਆਸਾ ਦੀ ਵਾਰ ਤੋਂ ਉਪਰਾਂਤ ਇਕ ਘੰਟਾ ਨਾਮ ਸਿਮਰਨ, ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਹੋਏ ਬਚਨ ਸਰਵਣ ਕਰਦਿਆਂ ਸੰਪਨ ਕੀਤਾ।

ਉਪਰੰਤ ਰਾਗੀ ਜਥੇਦਾਰ, ਸੰਤ ਜਸਪਾਲ ਸਿੰਘ ਕਲਸੀ ਨੇ ਅਤੇ ਸੰਤ ਸੁਰਿੰਦਰ ਸਿੰਘ (ਤਬਲਾ) ਨੇ ਮਧੁਰ ਮਯੀ, ਯਾਦਾਂ ਗੀਤਾਂ ਰਾਹੀਂ ਸਤਿਗੁਰਾਂ ਦੀ ਉਸੱਤਤ ਕੀਤੀ। ਸੰਤ ਲਖਵੀਰ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਚ ਸਤਿਗੁਰਾਂ ਦੇ ਮੁਖਾਰਬਿਨ ਤੋਂ ਉੱਚੇਚੇ ਬਚਨ, ਸਾਧ-ਸੰਗਤ ਵਿੱਚ ਸਾਂਝੇ ਕੀਤੇ। ਪਤਵੰਤੇ ਸੱਜਣਾ ਅਤੇ ਆਈ ਸਾਧ-ਸੰਗਤ ਦੀ ਸੇਵਾ ਜਲ ਪਾਣੀ ਛਕਾ ਕੇ ਕੀਤੀ ਗਈ। ਸਤਿਗੁਰੂ ਸੱਚੇ ਪਾਤਸ਼ਾਹ ਜੀ ਸੰਮੂਹ ਸਾਧ-ਸੰਗਤ ਤੇ ਕਿਰਪਾ ਬਣਾਈ ਰਖਣਾ ਜੀ।

*ਮੁੰਬਈ ਨਾਮਧਾਰੀ ਸਾਧ-ਸੰਗਤ*

● **ਮੰਡੀ (ਹਿ.ਪ੍ਰ.),** 13 **ਦਸੰਬਰ** 2015: ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਨਾਲ ਮੰਡੀ ਨਗਰ, ਨੇਰ ਚੌਂਕ, ਪੰਡੋਹ ਆਦਿ ਥਾਵਾਂ ਦੀ ਸਾਧ-ਸੰਗਤ ਨੇ ਮੰਡੀ ਇਕੱਤ੍ਰ ਹੋ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਡੇ ਤੇ ਕੀਤੇ ਗਏ ਪਰੋਪਕਾਰਾਂ ਨੂੰ ਯਾਦ ਕਰ ਕੇ ਸ੍ਰੀ ਸਤਿਗੁਰੂ ਜੀ ਦੀ ਯਾਦ ਨੂੰ ਤਾਜਾ ਕੀਤਾ।





**ਮੰਡੀ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਦੀ ਯਾਦ ਵਿਚ ਸੂਬਾ ਸੰਦੀਪ ਸਿੰਘ (ਕਰੀਵਾਲਾ) ਦਿਵਾਨ ਸਜਾਉਂਦੇ ਹੋਏ ਹੇਠਾਂ ਸਾਧ ਸੰਗਤ ਨਾਮ ਸਿਮਰਨ ਕਰਦੀ ਹੋਈ।**

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਉਪਰੰਤ ਸਾਧ-ਸੰਗਤ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਮਿਤ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕੀਤਾ। ਸ਼ਾਮ ਨੂੰ 6 ਤੋਂ ਨਾਮ ਸਿਮਰਨ ਆਰੰਭ ਹੋਇਆ ਤੇ ਨਾਲ ਹੀ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਉਦਮ ਕਰਕੇ L.E.D ਸਕਰੀਨ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਤੇ ਫਿਲਮ ਦਿਖਲਾਈ। ਨਾਮ ਸਿਮਰਨ ਤੋਂ ਬਾਅਦ ਸੰਤ ਆਕਾਸ ਦੀਪ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਗੀਤ ਗਾਇਨ ਕੀਤਾ ਜਿਸ ਦੇ ਬੋਲ ਸਨ-

*ਕੰਨੀ ਸੁਨ ਲਇਆ ਏ, ਅੱਖੀ ਵੇਖ ਲਇਆ ਏ*
*ਤੇਰੇ ਜਾਣ ਦਾ ਨਹੀ ਅਤਬਾਰ ਆਉਂਦਾ।*

ਇਸ ਤੋਂ ਬਾਅਦ ਬੀਬੀਆਂ ਨੇ ਗੀਤ ਗਾਇਨ ਕੀਤਾ ਜਿਸ ਦੇ ਬੋਲ ਸਨ-

*ਰੱਬਾ ਤੂੰ ਕੀ ਕੀਤਾ ਸਾਡੇ ਨਾਲ*

ਸੰਤ ਨਿਰੰਜਨ ਸਿੰਘ ਨੇਰ ਚੌਂਕ ਵਾਲਿਆਂ ਨੇ ਧਾਰਨਾ ਪੜੀ ਜਿਸ ਦੇ ਬੋਲ ਸਨ-

*ਮੇਰੇ ਸਤਿਗੁਰੂ ਜੀ ਤੇਰੀਆਂ ਰਚਾਈਆਂ ਖੇਡਾਂ ਸਾਰੀਆਂ।*
*ਖੇਡਾਂ ਰਚਾਈਆਂ ਸਾਨੂੰ ਸਮਝ ਨਾ ਆਈਆਂ।*

ਸੰਤ ਸਤਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਯਾਦ ਕਰਦਿਆਂ ਦੱਸਿਆ ਕਿ ਗੁਰੂ ਦੀ ਬਖ਼ਸ਼ਸ਼ ਕੀ ਹੁੰਦੀ ਹੈ ਤੇ ਗੁਰੂ ਆਪਣੇ ਸੇਵਕ ਤੇ ਕਿਸ ਤਰ੍ਹਾਂ ਕਿਰਪਾ ਕਰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਵਿਦਿਅਕ ਜਥਾ ਥਾਪ ਕੇ ਸਾਡੇ ਤੇ ਬੜਾ ਉਪਕਾਰ ਕੀਤਾ ਹੈ।

ਸੂਬਾ ਗੁਰਮੀਤ ਸਿੰਘ ਨੇ ਸਾਧ-ਸੰਗਤ ਵਿੱਚ ਬੋਲਦਿਆ ਕਿਹਾ, "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਘਾਟਾ ਤੇ ਕਦੀ ਵੀ ਪੂਰਾ ਨਹੀ ਹੋ ਸਕਦਾ, ਸਾਡੇ ਚੰਗੇ ਭਾਗ ਹਨ ਸਾਡੀ ਬਾਂਹ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਫੜਾ ਗਏ ਹਨ।"

ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਹੋਏ ਸਮਾਗਮ ਸਮੇਂ ਸਾਰਾ ਹੀ ਹਾਲ ਖਚਾ ਖਚ ਭਰਿਆ ਹੋਇਆ ਸੀ। ਸਾਧ-ਸੰਗਤ ਨੂੰ ਬੈਠਣ ਵਾਸਤੇ ਵੀ ਜਗਾ ਘਟ ਪੈ ਗਈ ਸੀ ਸਟੇਜ ਦੀ ਸੇਵਾ ਜਥੇਦਾਰ ਸਾਧਾ ਸਿੰਘ ਨੇ ਨਿਭਾਈ। ਨਾਮਧਾਰੀ ਵਿਦਿਅਕ ਜਥੇ ਦੇ ਮੈਂਬਰਾਂ ਨੇ ਬੜੇ ਸੁਚਜੇ ਤਰੀਕੇ ਨਾਲ ਸਾਰੀ ਸਾਧ-ਸੰਗਤ ਨੂੰ ਲੰਗਰ ਛਕਾਉਂਣ ਦੀ ਸੇਵਾ ਕੀਤੀ। **-ਸਤਵੰਤ ਸਿੰਘ ਮੰਡੀ**

# ਮਲੇਰਕੋਟਲੇ ਦਾ ਸ਼ਹੀਦੀ ਸਾਕਾ...(ਬਾਕੀ ਸਫਾ 2 ਦੀ)

ਅਤੇ 13 ਨਾਂ ਵੀ ਲਿਖਵਾਏ ਸਨ ਕਿ ਸਮਾ ਰਹਿੰਦਿਆਂ ਸਰਕਾਰ ਯੋਗ ਕਾਰਵਾਈ ਕਰੇ। ਸੂਬਾ ਲੱਖਾ ਸਿੰਘ ਨੂੰ ਵੀ ਲੁਧਿਆਣੇ ਖ਼ਬਰ ਦੇਣ ਲਈ ਭੇਜਿਆ ਗਿਆ ਸੀ, ਪਰ ਸਰਕਾਰ ਨੇ ਕੁਝ ਨਾ ਕੀਤਾ। ਕਾਰਨ ਸੀ ਸਰਕਾਰ ਚਾਹੁੰਦੀ ਸੀ ਕਿ ਹਾਲਾਤ ਵਿਗੜਨ ਅਤੇ ਉਸ ਨੂੰ ਮੌਕਾ ਮਿਲੇ ਸਤਿਗੁਰੂ ਜੀ ਨੂੰ ਪੰਜਾਬ ਤੋਂ ਬਾਹਰ ਭੇਜਣ ਦਾ। ਇਸ ਲਈ ਸਤਿਗੁਰੂ ਜੀ ਤੋਂ ਇਲਾਵਾ ਹੋਰ ਕਿਸ ਕਿਸ ਨੂੰ ਨਿਰਵਾਸਤ ਕੀਤਾ ਜਾਣਾ ਸੀ, ਸਭ ਪਹਿਲਾਂ ਤੋਂ ਹੀ ਮਿਥਿਆ ਹੋਇਆ ਸੀ ਅਤੇ ਮੌਕਾ ਮਿਲਦਿਆਂ ਹੀ ਸਤਿਗੁਰੂ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਨਿਰਵਾਸਤ ਕਰ ਦਿੱਤਾ ਗਿਆ। ਸਤਿਗੁਰੂ ਰਾਮ ਸਿੰਘ ਜੀ ਨੂੰ ਕਮਿਸ਼ਨਰ ਫੋਰਸਿਥ ਨੇ ਮਲੇਰਕੋਟਲੇ ਨੂੰ ਤੁਰਨ ਤੋਂ ਪਹਿਲਾਂ ਹੀ ਇਲਾਹਾਬਾਦ ਲਈ ਗੱਡੀ ਤੇ ਬਿਠਾ ਦਿੱਤਾ ਸੀ, ਏਨੀ ਕਾਹਲੀ ਕਿਉਂ? ਕਿਉਂਕਿ ਇਹ ਸਾਰੀ ਕਾਰਵਾਈ ਪਹਿਲਾਂ ਤੋਂ ਹੀ ਮਿਥੀ ਹੋਈ ਸੀ।

ਹੁਣ ਮਲੇਰਕੋਟਲੇ ਦੇ ਸ਼ਹੀਦਾਂ ਦੀ ਗਲ ਕਰੀਏ। ਡਿਪਟੀ ਕਮਿਸ਼ਨਰ ਕਾਵਨ 17 ਜਨਵਰੀ ਨੂੰ ਫੋਰਸਿਥ ਨੂੰ ਲਿਖੀ ਚਿਠੀ ਵਿਚ ਲਿਖਦਾ ਹੈ ਕਿ ਮੈਂ ਉਸੇ ਦਿਨ ਅਰਥਾਤ 17 ਜਨਵਰੀ ਨੂੰ 50 ਕੂਕਿਆਂ ਨੂੰ ਉਡਾ ਦੇਣ ਦਾ ਪਹਿਲੋਂ ਹੀ ਮਨ ਬਣਾਇਆ ਸੀ। ਇਕ ਕੂਕੇ ਨੇ ਰੋਹ ਵਿਚ ਆ ਕੇ ਮੇਰੇ ਤੇ ਹਮਲਾ ਕਰ ਦਿੱਤਾ ਜਿਸ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਕਾਵਨ ਨੇ 50 ਦੀ ਗਿਣਤੀ ਪੂਰੀ ਕਰ ਲਈ ਸੀ ਜੋ ਉਸਨੇ ਸਿੰਘਾਂ ਦੇ ਕੋਟਲੇ ਪੁੱਜਣ ਤੋਂ ਪਹਿਲਾਂ ਹੀ ਸੋਚੀ ਹੋਈ ਸੀ। ਕੀ ਇਹ ਨਹੀਂ ਹੋ ਸਕਦਾ ਸੀ ਕਿ ਬਾਲਕ ਬਿਸ਼ਨ ਸਿੰਘ ਨੂੰ ਉਸਦੇ ਸਤਿਗੁਰੂ ਬਾਰੇ ਵੱਧ ਘੱਟ ਬੋਲ ਕੇ ਗਲ ਪਵਾ ਕੇ ਮਰਵਾ ਦਿੱਤਾ ਹੋਵੇ। ਜ਼ਰਾ ਵਿਚਾਰੀਏ, ਕਾਵਨ ਲਿਖਦਾ ਹੈ ਕਿ ਕੂਕਾ ਮੇਰੇ ਗਲ ਪੈ ਗਿਆ ਸੀ ਤਾਂ ਉਸਨੂੰ ਤਲਵਾਰ ਨਾਲ ਮਾਰ ਦਿੱਤਾ ਗਿਆ ਸੀ।

ਡਿਪਟੀ ਕਮਿਸ਼ਨਰ ਕੋਲ 200 ਤੋਂ ਉੱਪਰ ਫ਼ੌਜ ਅਤੇ ਪੁਲਿਸ ਵਾਲੇ ਮੌਜੂਦ ਸਨ ਅਤੇ ਉਸਦੇ ਗਿਰਦ ਵੀ ਸੁਰੱਖਿਆ ਲਈ ਕਈ ਸਿਪਾਹੀ ਤੈਨਾਤ ਸਨ। ਕੀ ਦੋ ਜਾਂ ਤਿੰਨ ਸਿਪਾਹੀ ਕੱਲੇ ਛੋਟੇ ਬੱਚੇ ਨੂੰ ਕਾਬੂ ਨਹੀਂ ਸਨ ਕਰ ਸਕਦੇ ਅਤੇ ਕਾਵਨ ਨੂੰ ਛੁਡਾ ਸਕਦੇ ? ਪਰ ਗਲ ਤਾਂ ਉਹ 50 ਕੂਕਿਆਂ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਹੀ ਸੀ। 7X7=49 ਕੂਕੇ ਤਾਂ ਤੋਪਾਂ ਸਾਹਮਣੇ ਤੋਪਾਂ ਦੇ ਗੋਲਿਆਂ ਨਾਲ ਸ਼ਹੀਦ ਕਰ ਦਿੱਤੇ ਗਏ ਅਤੇ 50 ਵੀ ਗਿਣਤੀ ਨੂੰ ਪੂਰਿਆਂ ਕਰਨ ਲਈ ਬਾਲਕ ਦੇ ਪਹਿਲਾਂ ਹੱਥ ਵੱਢੇ ਅਤੇ ਫੇਰ ਉਸਨੂੰ ਟੋਟੇ ਟੋਟੇ ਕਰਕੇ 50 ਦੀ ਗਿਣਤੀ ਪੂਰੀ ਕਰ ਦਿੱਤੀ ਸੀ। ਬਾਕੀ 16 ਸਿੰਘਾਂ ਬਾਰੇ ਪਹਿਲਾਂ, ਉਸ ਦਾ ਵਿਚਾਰ ਸੀ, ਉਹਨਾਂ ਨੂੰ ਮਲੌਦ ਲੈ ਜਾ ਕੇ ਸਜ਼ਾ ਦਿੱਤੀ ਜਾਵੇ, ਪਰ ਫੇਰ ਅਗਲੇ ਦਿਨ ਰਸਮੀ ਕਾਰਵਾਈ ਕਰਕੇ ਕਮਿਸ਼ਨਰ ਫੋਰਸਿਥ ਨੇ ਉਹਨਾਂ ਨੂੰ ਵੀ ਸ਼ਹੀਦ ਕਰ ਦਿੱਤਾ।

ਬਾਲਕ ਬਿਸ਼ਨ ਸਿੰਘ ਰਾਮਗੜੀਆ, ਭਾਈਚਾਰੇ ਦਾ ਚੱਨ ਚਿਰਾਗ ਸੀ। ਉਸ ਦੇ ਵਡੇਰੇ ਮਿਸਤਰੀਆਂ ਵਾਲੇ ਕੰਮ ਤੋਂ ਇਲਾਵਾ ਵਾਹੀ ਵੀ ਕਰਦੇ ਸਨ। ਦਸਤਾਵੇਜ਼ਾਂ ਵਿਚ ਬਿਸ਼ਨ ਸਿੰਘ ਦੇ ਨਾਂ ਅਗੇ 'ਜਿਮੀਂਦਾਰ' ਲਿਖਿਆ ਮਿਲਦਾ ਹੈ। ਇਸ ਬਾਰੇ ਮੈਂ ਖੁਦ ਪਿੰਡ ਰੜ ਜਾ ਕੇ ਲੰਮੀ ਪੜਤਾਲ ਕੀਤੀ ਸੀ। ਪਿੰਡ ਦੇ ਬਜ਼ੁਰਗ ਅਤੇ ਬਿਰਧ ਹੋ ਚੁੱਕੇ ਪੋ੍ਹਤ ਤੋਂ ਵੀ ਪੁੱਛਿਆ ਸੀ, ਸਭ ਨੇ ਇਸ ਗਲ ਦੀ ਪੁਸ਼ਟੀ ਕੀਤੀ ਸੀ ਕਿ ਬਿਸ਼ਨ ਸਿੰਘ ਦਾ ਪਰਿਵਾਰ ਰਾਮਗੜੀਆ ਭਾਈਚਾਰੇ 'ਚ ਸੀ ਅਤੇ ਬਜ਼ੁਰਗ ਵਾਹੀ ਵੀ ਕਰਦੇ ਹੁੰਦੇ ਸਨ। ਵੀਰ ਬਾਲਕ ਬਿਸ਼ਨ ਸਿੰਘ ਵੀ ਅੰਗਰੇਜ਼ਾਂ ਦੀ ਕੋਝੀ ਚਲਾਕੀ ਦਾ ਸ਼ਿਕਾਰ ਬਣ ਗਿਆ ਸੀ।

ਕੂਕੇ ਸਿੰਘ ਤਾਂ ਆਏ ਹੀ ਸ਼ਹੀਦੀਆਂ ਪਾਉਣ ਲਈ ਸਨ। ਤਾਂ ਹੀ ਉਹਨਾਂ ਨੂੰ ਮਾਰਨ ਵਾਲਿਆਂ ਦੇ ਚੇਹਰੇ ਡਰੇ ਅਤੇ ਸਹਿਮੇ ਹੋਏ ਸਨ, ਮਰਨ ਵਾਲਿਆਂ ਦੇ ਚੇਹਰੇ ਬੇ-ਗਮ ਸਨ ਅਤੇ ਸ਼ਹੀਦੀਆਂ ਪਾਉਣ ਲਈ ਲਾਲ ਹੋਏ ਸਨ। ਫੌਜਾਂ ਪਲਟਨਾਂ ਵਾਲੇ ਜਿਨਾਂ ਪਾਸ ਸ਼ਸਤਰ ਸਨ, ਬੇ-ਹਥਿਆਰੇ ਅਤੇ ਜ਼ਖ਼ਮੀਆਂ ਤੋਂ ਭੈ-ਭੀਤ ਸਨ, ਕੁਝ ਸਮਾਂ ਪੜਤਾਲ ਲਈ ਵੀ ਨਹੀਂ ਰਖ ਸਕੇ। ਕਾਹਲੀ ਨਾਲ ਕਾਨੂੰਨ ਨੂੰ ਛਿੱਕੇ ਟੰਗ ਕੇ ਆਪ ਭੈ ਮੁਕਤ ਹੋ ਗਏ ਅਤੇ ਜੋ ਇਸ ਸਾਰੇ ਹਾਲਾਤ ਨੂੰ ਵਿਗੜਨ ਦੇਣ ਵਾਲਾ ਮਨੋਰਥ ਸੀ, ਸਤਿਗੁਰੂ ਜੀ ਅਤੇ ਸੂਬਿਆਂ ਨੂੰ ਪੰਜਾਬ ਤੋਂ ਬਾਹਰ ਭੇਜ ਕੇ ਕੂਕਾ ਅੰਦੋਲਨ ਰਾਹੀਂ ਉਪਜ ਰਹੀ ਬਗਾਵਤੀ ਹਾਲਾਤ ਨੂੰ ਖਤਮ ਕਰਨ ਦਾ, ਉਹ ਪੂਰਿਆ ਕਰ ਲਿਆ। ਇਹ ਸੀ ਮਲੇਰਕੋਟਲੇ ਵਾਲੇ ਹਾਲਾਤਾਂ ਨੂੰ ਹੋਰ ਵਿਗਾੜਣ ਦੇਣ ਦੇ ਪਿੱਛੇ ਮਨੋਰਥ।

ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ, ਜੋ ਮਲੇਰਕੋਟਲੇ ਤੋਪਾਂ ਸਾਹਮਣੇ ਖੜੇ ਹੋ ਕੇ ਸ਼ਹੀਦੀਆਂ ਪਾ ਗਏ ਉਹਨਾਂ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਂਦਾ ਇਕ ਸ਼ੇਅਰ ਮੈਨੂੰ ਯਾਦ ਆ ਰਿਹਾ ਹੈ :

*ਸੁਨਾ ਹੈ ਜਬ ਸੇ*
*ਕਿ ਮਰਨਾ ਹੀ ਜ਼ਿੰਦਗੀ ਹੈ।*
*ਬਾਂਧ ਕਰ ਕਫ਼ਨ ਸਰ ਪੇ,*
*ਕਾਤਲ ਕੋ ਢੂਢਤੇ ਹੈਂ।*

ਦੋ ਮਾਈਆਂ ਇੰਦ ਕੌਰ ਅਤੇ ਖੇਮ ਕੌਰ ਨੂੰ ਪਟਿਆਲਾ ਅਫ਼ਸਰਾਂ ਦੇ ਹਵਾਲੇ ਕਰ ਦਿੱਤਾ ਗਿਆ। ਮਾਰਨ ਵਾਲਿਆਂ ਨੂੰ ਸਭ ਲਾਹਨਤਾ ਪਾਉਂਦੇ ਹਨ ਅਤੇ ਮਲੇਰਕੋਟਲੇ ਦੇ ਸ਼ਹੀਦਾਂ ਨੂੰ ਯਾਦ ਕਰਦੇ ਹਨ। 2022 ਵਿਚ ਸ਼ਹੀਦਾਂ ਦਾ 150 ਸਾਲਾ ਸਮਾ ਆਉਣ ਵਾਲਾ ਹੈ, ਜਾਨਾਂ ਵਾਰ ਗਏ ਕੂਕੇ ਅਥਵਾ ਨਾਮਧਾਰੀ ਸਿੰਘਾਂ ਦੇ ਕਾਰਨਾਮੇ ਹੋਰ ਵੀ ਚੰਗੀ ਤਰ੍ਹਾਂ ਲੋਕਾਂ ਸਾਹਮਣੇ ਲਿਆਂਦੇ ਜਾਣਗੇ।

ਅੱਜ ਅਸੀਂ ਵੀ ਸ਼ਹੀਦਾਂ ਪ੍ਰਤੀ ਨਤ-ਮਸਤਕ ਹੋ ਕੇ ਸਰਧਾਂਜਲੀਆਂ ਭੇਟ ਕਰ ਰਹੇ ਹਾਂ।

ਅਖੀਰ ਵਿਚ ਅੰਗਰੇਜ਼ਾਂ ਦੀ ਕਰਤੂਤ ਦਸ ਕੇ ਲੇਖ ਸਮਾਪਤ ਕਰਦਾ ਹਾਂ।

ਸ਼ੇਰਪੁਰ ਵਿਖੇ ਜ਼ਖਮੀਆਂ ਦੇ ਜ਼ਖਮ ਸੀਣ ਤੇ ਖਰਚ 3 ਰੁਪਏ ਆਏ ਅਤੇ 6 ਪਾਈ ਅਤੇ 8 ਗੱਡਿਆਂ ਦਾ ਕਿਰਾਇਆ, ਜਿਨਾਂ ਤੇ ਬਿਠਾ ਕੇ ਸ਼ਹੀਦਾਂ ਨੂੰ ਸ਼ੇਰਪੁਰ ਤੋਂ ਮਲੇਰਕੋਟਲੇ ਭੇਜਿਆ ਗਿਆ ਸੀ, ਦਾ ਕਿਰਾਇਆ 25 ਰੁਪਏ ਸਰਕਾਰ ਨੇ ਸ਼ਹੀਦਾਂ ਦੀਆਂ ਵਸਤਾਂ (ਕੰਬਲ, ਗੜਵੇ, ਟਕੂਏ ਆਦਿ) ਨੀਲਾਮ ਕਰਕੇ 17 ਰੁਪਏ ਅਤੇ 1 ਆਨਾ ਵੱਟ ਕੇ ਕੁਝ ਹੱਦ ਤੱਕ ਖ਼ਰਚ ਪੂਰਿਆਂ ਕਰ ਲਿਆ ਸੀ। ■

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ

ਸ੍ਰੀ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਮਾ. ਅਮਰੀਕ ਸਿੰਘ (ਬੀੜ ਭਮਾਰਸੀ) ਤੇ ਉਹਨਾਂ ਦੇ ਸਯੋਗ ਸਪੁੱਤਰ ਸ. ਤੇਜਿੰਦਰ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ਸ਼ ਸਦਕਾ ਕਾਕੇ ਨੇ ਜਨਮ ਲਿਆ। ਬਹੁਤ ਹੀ ਘੱਟ ਉਮਰ 1 ਸਾਲ ਦੀ ਉਮਰ ਵਿੱਚ 4 ਦਸੰਬਰ ਨੂੰ ਚੜਾਈ ਕਰ ਗਿਆ। ਸਾਰੇ ਪਰਵਾਰ ਨੂੰ ਧੀਰਜ ਦੇਣ ਲਈ ਕਾਕੇ ਦੇ ਸਸਕਾਰ ਸਮੇਂ ਪੂਜਯ ਮਾਤਾ ਚੰਦ ਕੌਰ ਜੀ ਨੇ ਦਰਸ਼ਨ ਦਿੱਤੇ। ਇਸ ਅਸਿਹ ਵਿਛੋੜੇ ਦਾ ਸਾਰੇ ਇਲਾਕੇ ਨੇ ਦੁੱਖ ਸਮਝਿਆ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 12 ਦਸੰਬਰ ਨਾਮਧਾਰੀ ਧਰਮਸ਼ਾਲਾ ਫਤਿਹਗੜ੍ਹ ਸਾਹਿਬ ਵਿਖੇ ਕਾਕੇ ਨਮਿਤ ਪਾਠ ਦਾ ਭੋਗ ਪਾਇਆ ਗਿਆ। ਭੋਗ ਤੋਂ ਪਹਿਲਾ ਪੰਡਤ ਸਤਪਾਲ ਸਿੰਘ, ਸੂਬਾ ਨਿਰੰਜਨ ਸਿੰਘ ਟਮਕੌਡੀ, ਪੰਡਤ ਹਰਭਜਨ ਸਿੰਘ ਝੱਲਾ ਵਾਲਿਆਂ ਨੇ ਗੁਰਬਾਣੀ ਅਨੁਸਾਰ ਸੰਸਾਰ ਨੂੰ ਨਾਸ਼ਵਾਨ ਦੱਸਿਆ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਤੋਂ ਸੂਬਾ ਬਲਵਿੰਦਰ ਸਿੰਘ ਝੱਲ, ਸੇਵਕ ਸੰਤ ਆਸਾ ਸਿੰਘ, ਸੰਤ ਗੁਰਦਿਆਲ ਸਿੰਘ ਰਾਏਸਰ, ਸੰਤ ਬਲਵੰਤ ਸਿੰਘ ਹਜ਼ੂਰੀ ਰਾਗੀ, ਜਥੇਦਾਰ ਗੁਰਲਾਲ ਸਿੰਘ ਪਹੁੰਚੇ ਸਨ। ਇਲਾਕੇ ਦੇ ਪ੍ਰਸਿੱਧ ਸੱਜਣਾਂ ਵਿੱਚੋਂ ਸ. ਕੁਲਜੀਤ ਸਿੰਘ ਨਾਗਰਾ ਐਮ.ਐਲ.ਏ, ਸ. ਤਰਲੋਕ ਸਿੰਘ ਬਾਜਵਾ ਪ੍ਰਧਾਨ, ਸ. ਲਖਬੀਰ ਸਿੰਘ ਰਾਏ ਪ੍ਰਧਾਨ ਕਾਂਗਰਸ, ਸ. ਹਰਜੀਤ ਸਿੰਘ ਪ੍ਰਧਾਨ ਯੂਨੀਅਨ, ਸ. ਗੁਰਭਜਨ ਸਿੰਘ ਗਿੱਲ, (ਪ੍ਰਸਿੱਧ ਵਿਦਵਾਨ), ਸ. ਗੁਰਵਿੰਦਰ ਸਿੰਘ ਭੱਟੀ (ਅਕਾਲੀ ਆਗੂ) ਨੇ ਵੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਸੂਬਾ ਬਲਵਿੰਦਰ ਸਿੰਘ ਝੱਲ ਨੇ ਸ਼ਰਧਾਂਜਲੀ ਦੇ ਸ਼ਬਦ ਕਹੇ। ਗੁਰੂ ਕਾ ਲੰਗਰ ਅੱਟੁਟ ਵਰਤਦਾ ਰਿਹਾ। ਸੂਬਾ ਸੁਰਿੰਦਰ ਸਿੰਘ ਡੇਰਾ ਮੀਰ ਮੀਰਾਂ ਨੇ ਸਟੇਜ ਸੱਕਤਰ ਦੀ ਜਿੰਮੇਵਾਰੀ ਬਾਖੂਬੀ ਨਿਭਾਈ। ਸ. ਗੁਰਵਿੰਦਰ ਸਿੰਘ ਭੱਟੀ ਅਕਾਲੀ ਆਗੂ ਨੇ ਆਈ ਸੰਗਤ ਦਾ ਧੰਨਵਾਦ ਕੀਤਾ।

ਮਾਸਟਰ ਅਮਰੀਕ ਸਿੰਘ ਜੀ ਵੱਲੋਂ ਧਰਮ ਕਾਰਜਾਂ ਲਈ ਮਾਇਆ ਅਰਦਾਸ ਕਰਾਈ ਗਈ।

ਗੁਰੂ ਚਰਨਾਂ ਵਿੱਚ ਪ੍ਰਾਥਨਾ ਹੈ ਕਿ ਸਤਿਗੁਰੂ ਜੀ ਪਰਵਾਰ ਨੂੰ ਧੀਰਜ ਬਖ਼ਸ਼ਣ, ਸਦਾ ਮਿਹਰਾਂ ਦੀ ਬਖ਼ਸ਼ਸ਼ ਕਰਨ ਦੀ ਕਿਰਪਾ ਕਰਨ। ਪਿੰਡ ਜਾਲਖੇੜੀ, ਡੇਰਾ ਮੀਰ ਮੀਰਾਂ ਤੇ ਬੀੜ ਦੀ ਸੰਗਤ ਨੇ ਸਾਰੇ ਪ੍ਰਬੰਧ ਨੂੰ ਸੁਹਿਰਦਾ ਨਾਲ ਨਿਭਾਇਆ। **ਮਾਸਟਰ ਜਗਮੋਹਨ ਸਿੰਘ ਕੰਗ ਟਮਕੌਡੀ**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਅੰਗਰੇਜ਼ ਹਕੂਮਤ ਵਿਰੁੱਧ ਆਜ਼ਾਦੀ ਦਾ ਬਿਗੁਲ ਵਜਾਉਂਣ ਕਾਰਨ ਸਰਕਾਰ ਬਹੁਤ ਡਰ ਗਈ ਸੀ, ਜਿਸ ਕਾਰਨ 17-18 ਜਨਵਰੀ 1872 ਦੀ ਵਿਚਕਾਰਲੀ ਰਾਤ ਨੂੰ ਜਲਾਵਤਨੀ ਦੇ ਸਰਕਾਰੀ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਤੋਂ ਰਵਾਨਗੀ ਸਮੇਂ ਗੱਡੇ ਤੇ ਸਵਾਰ ਹੋ ਕੇ ਕੁੱਝ ਸੂਬਿਆਂ ਸਹਿਤ ਲੁਧਿਆਣਾ ਲਈ ਜਾਂਦੇ ਹੋਏ।

**ਅੰਗਰੇਜ਼ ਸਰਕਾਰ ਵਲੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣਾ, ਪ੍ਰਯਾਗਰਾਜ ਅਤੇ ਹਾਵੜਾ (ਕਲਕੱਤਾ) ਤੋਂ ਸਮੁੰਦਰੀ ਜਹਾਜ਼ (ਮਯਾਂਮਾਰ) ਭੇਜ ਦਿੱਤਾ ਗਿਆ।**






**ਮਲੇਰਕੋਟਲਾ ਦੇ ਰੱਕੜ ਵਿੱਚ ਨਾਮਧਾਰੀ ਸਿੰਘਾਂ ਨੇ ਹੱਸ-ਹੱਸ ਕੇ ਤੋਪਾਂ ਦੇ ਸਾਹਮਣੇ ਖਲੋ ਕੇ ਸ਼ਹੀਦੀਆਂ ਦਿੱਤੀਆਂ। ਮਧਰੇ ਕੱਦ ਦੇ ਵਰਿਆਮ ਸਿੰਘ ਨੇ ਪੈਰਾਂ ਥੱਲੇ ਢੀਮਾਂ ਰੱਖ ਕੇ ਆਪਣਾ ਕੱਦ ਤੋਪ ਦੇ ਹਾਣ ਦਾ ਕੀਤਾ।**

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 7.15 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.45 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.39 of 14 January 2016